# ALL NATIONS GOSPEL PUBLISHERS



Copyright ANGP

www.angp-hb.co.za

info@angp.co.za

*PUNJABI / GURUMUKHI Heart Book*

# ਮਨੁੱਖ ਦਾ ਦਿੱਲ

**(The Heart of Man — Gurumukhi)**

Copyright ANGP

**COPYRIGHT**

**ISBN 0-947052-09-7**

**E-MAIL: info@angp.co.za**

**ALL NATIONS GOSPEL PUBLISHERS**

**P.O. Box 2191, PRETORIA, 0001, R.S.A.**

(A Gospel Literature Mission financed by donations)

(Reg. No. 1961/001798/08)

# ਮਨੁੱਖ ਦਾ ਦਿੱਲ

**(The Heart of Man — Gurumukhi)**

— ਪ੍ਰਕਾਸ਼ਕ —

**ਆਲ ਇੰਡੀਆ ਪ੍ਰੇਅਰ ਫ਼ੈਲੋਸ਼ਿਪ**

ਕਿਓ—੩, ਗ੍ਰੀਨ ਪਾਰਕ ਐਕਸਟੈਂਸ਼ਨ

ਨਵੀਂ ਦਿੱਲੀ-੧੬

Copyright ANGP

**ਆਲ ਨੇਸ਼ਨਜ਼ ਗਾਸਪਲ ਪਬਲਿਸ਼ਿਰਜ਼ ਪ੍ਰੀਟੋਰੀਆ**

ਸਾਊਥ ਅਫਰੀਕਾ

# ਮਨੁੱਖ ਦਾ ਦਿੱਲ

## ( The Heart of Man – Gurumukhi)

**ਪਰਮੇਸ਼ੁਰ ਦਾ ਮੰਦਰ ਯਾ ਸ਼ੈਤਾਨ ਦਾ ਘਰ :—( ੧ ਯੂਹੰਨਾ ੩:੪–੧੦)**

ਇਸ ਪੁਸਤਕ ਨੂੰ ਪੜ੍ਹਨ ਵੇਲੇ ਕ੍ਰਿਪਾ ਇਹ ਯਾਦ ਰਖੋ ਭਈ ਇਹ ਇਕ ਦਰਪੱਣ ਦੇ ਸਮਾਨ ਹੈ ਜਿਹਦੇ ਵਿੱਚ ਤੁਸੀਂ ਆਪਣੇ ਆਪ ਨੂੰ ਵੇਖਣ ਦੇ ਯੋਗ ਹੋਵੋਗੇ। ਭਾਵੇਂ ਤੁਸੀਂ ਮੂਰਤੀ ਪੂਜਕ ਹੋ ਯਾ ਮਸੀਹੀ, ਇਕ ਅਵਿਸ਼ਵਾਸੀ ਹੋਵੇ ਯਾ ਧਰਮ-ਭਰਸ਼ੱਟ, ਤੁਸੀਂ ਆਪਣੀ ਤਸਵੀਰ ਪਾਓਗੇ, ਜਿੱਦਾਂ ਪਰਮੇਸ਼ੁਰ ਭੀ ਇਹਨੂੰ ਦੇਖਦਾ ਹੈ। ਪਰਮੇਸ਼ੁਰ ਮਨੁੱਖਾਂ ਦਾ ਮਾਨ ਨਹੀਂ ਕਰਦਾ ਉਹ ਮਨੁੱਖਾਂ ਦੇ ਦਿੱਲਾਂ ਉੱਤੇ ਦੇਖਦਾ ਹੈ (੧ ਸਮੂ੦ ੧੬ : ੭)।

ਸ਼ੈਤਾਨ, ਜਿਹੜਾ ਕਿ ਹਨੇਰੇ ਦਾ ਸ਼ਾਹਜਾਦਾ ਅਤੇ ਇਸ ਸੰਸਾਰ ਦਾ ਦੇਵਤਾ ਹੈ, ਸੱਭ ਝੂਠਿਆਂ ਦਾ ਪਿਤਾ ਹੈ। ਉਹ ਆਪਣੇ ਆਪ ਨੂੰ ਜੋਤ ਦੇ ਦੂਤ ਵਿੱਚ, ਮਨੁੱਖਾਂ ਤੇ ਤੀਵੀਆਂ ਨੂੰ ਧੋਖਾ ਦੇਣ ਲਈ, ਬਦਲਦਾ ਹੈ। ਪੁਰਾਣੇ ਸਮੇਂ ਵਾਂਙੂ, ਅੱਜ ਕਲ, ਬਹੁਤ ਹੀ ਝੂਠੇ ਚੇਲੇ ਅਤੇ ਧੋਖਾ ਦੇਣ ਵਾਲੇ ਕਾਮੇ ਹਨ ਜਿਹੜੇ ਮਸੀਹ ਦੇ ਚੇਲੇ ਹੋਣ ਦਾ ਬਹਾਨਾ ਕਰਦੇ ਹਨ, ਅਤੇ ਇਹ ਅਚਰਜ ਦੀ ਗੱਲ ਨਹੀਂ ਕਿਉਂ ਜੋ ਸ਼ੈਤਾਨ ਭੀ ਆਪਣੇ ਰੂਪ ਨੂੰ ਚਾਨਣ ਦੇ ਦੂਤ ਦੇ ਰੂਪ ਵਿਚ ਵਟਾਉਂਦਾ ਹੈ (2ਕੁਰਿ 11:13,14) ਸ਼ੈਤਾਨ ਇਸ ਸੰਸਾਰ ਦਾ ਦੇਵਤਾ ਲੋਕਾਂ ਦੇ ਮਨਾਂ ਤੇ ਅਖੀਆਂ ਨੂੰ ਅੰਨ੍ਹਿਆਂ ਕਰ ਸੁਟਦਾ ਹੈ ਤਾਂ ਜੋ ਉਹ ਇਹ ਗਲ ਨਾ ਜਾਣ ਲੈਣ ਭਈ ਪਰਮੇਸ਼ੁਰ ਉਹਨਾਂ ਨਾਲ ਪ੍ਰੇਮ ਕਰਦਾ ਹੈ। ਯਾ ਇਹ ਭਈ ਮਸੀਹ ਉਹਨਾ ਨੂੰ ਬਚਾਉਂਣ ਵਾਸਤੇ ਮਰਿਆ। ਸੱਭ ਪਾਪੀ ਅਤੇ ਕੁਧਰੱਮੀ ਪਰਮੇਸ਼ੁਰ ਦੀ ਨਜ਼ਰ ਵਿੱਚ ਅੰਨ੍ਹੇ ਅਤੇ ਮਰੇ ਹੋਏ ਹਨ। ਉਹ ਇਸ ਸੰਸਾਰ ਦੇ ਦੇਵਤਾ ਦੀ ਆਤਮਾ ਨਾਲ ਚਲਾਏ ਜਾਂਦੇ ਹਨ (ਅਫ਼੦ ੨:੨) ਨਹੀਂ ਤਾਂ ਉਹਨਾਂ ਦੀਆਂ ਅੱਖੀਆਂ ਆਪਣੀ ਗੁਆਚੀ ਦਸ਼ਾ ਵਲ ਖੁੱਲੀਆਂ ਹਨ। ਉਹ ਅਨੰਤ ਨਾਸ਼ ਲਈ ਵੱਸ ਰਹੇ ਹਨ। ਉਹ ਜਿਹੜਾ ਕਹਿੰਦਾ ਹੈ "ਮੈਂ ਕੋਈ ਪਾਪ ਨਹੀਂ ਕੀਤਾ" ਆਪਣੇ ਆਪ ਨੂੰ ਧੋਖਾ ਦਿੰਦਾ ਹੈ।

Copyright ANGP

ਕਿਉਂ ਜੋ ਇਸੇ ਹੀ ਮਕਸੱਦ ਵਾਸਤੇ ਮਨੁੱਖ ਦਾ ਪੁੱਤ੍ਰ ਪ੍ਰਗਟ ਹੋਇਆ । ਤਾਂ ਜੋ ਉਹ ਸ਼ੈਤਾਨ ਦੇ ਕੰਮਾਂ ਨੂੰ ਨਾਸ਼ ਕਰ ਦੇਵੇ ।" (੧ ਯੂਹੰਨਾ ੩:੮) ਇਸ ਲਈ ਆਪਣੇ ਆਪ ਨੂੰ ਪਰਮੇਸ਼ੁਰ ਦੇ ਅਗੇ ਪੇਸ਼ ਕਰ ਦਿਓ। ਸ਼ੈਤਾਨ ਦਾ ਸਾਹਮਣਾ ਕਰੋ ਉਹ ਤੁਹਾਡੇ ਕੋਲੋਂ ਭੱਜੇਗਾ । "ਪਰਮੇਸ਼ੁਰ ਦੇ ਨੇੜੇ ਆਓ ਅਤੇ ਉਹ ਤੁਹਾਡੇ ਨੇੜੇ ਆਵੇਗਾ ।"

ਜਦੋਂ ਤੁਸੀਂ ਇਸ ਪੁਸਤਕ ਨੂੰ ਪੜ੍ਹਦੇ ਹੋ ਅਤੇ ਇਹਦੀ ਤਸਵੀਰ ਤੇ ਗੋਰ ਕਰਦੇ ਹੋ ਤਾਂ ਤੁਸੀਂ ਆਪਣਾ ਦਿੱਲ ਵੇਖਣ ਦੇ ਯੋਗ ਹੋ ਜਾਵੋਗੇ । ਪਰਮੇਸ਼ੁਰ ਦੀ **ਸਰਚਲਾਈਟ** ਨੂੰ ਤੁਹਾਡੇ ਦਿੱਲ ਦੀ ਦਸ਼ਾ ਦਸੱਣ ਦਿਓ। ਆਪਣੇ ਪਾਪਾਂ ਨੂੰ ਜਾਣੋ ਤੇ ਉਹਨਾਂ ਦਾ ਇਨਕਾਰ ਨਾ ਕਰੋ । ਕਿਉਂ ਜੋਂ ਪਰਮੇਸ਼ੁਰ ਦਾ ਬਚਨ ਸਾਨੂੰ ਦਸਦਾ ਹੈ ਭਈ ਜੇ ਅਸੀਂ ਕਹੀਏ ਭਈ ਅਸੀਂ ਪਾਪ ਨਹੀਂ ਕੀਤਾ ਤਾਂ ਅਸੀਂ ਆਪਣੇ ਤਾਈਂ ਧੋਖਾ ਦਿੰਦੇ ਹਾਂ । ਅਤੇ ਸਾਡੇ ਵਿੱਚ ਸਚਾਈ ਨਹੀਂ ਹੈ । ਪਰੰਤੂ ਜੇ ਅਸੀਂ ਆਪਣੇ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਸਾਡੇ ਪਾਪ ਮਾਫ਼ ਕਰਨ ਲਈ ਅਤੇ ਸੱਭ ਕੁਧੱਰਮ ਸਾਫ ਕਰਨ ਲਈ ਵਫ਼ਾਦਾਰ ਅਤੇ ਧਰਮੀ ਹੈ । (੧ ਯੂਹੰਨਾ ੧:੧-੧੦) "ਪਰਮੇਸ਼ੁਰ ਦੇ ਪੁੱਤ੍ਰ ਪ੍ਰਭੂ ਯੀਸੂ ਮਸੀਹ ਦਾ ਲਹੂ ਸਾਨੂੰ ਸੱਭ ਪਾਪਾਂ ਤੋਂ ਸਾਫ਼ ਕਰਦਾ ਹੈ ।"

ਤੁਹਾਡੇ ਉੱਤੇ ਯਾ ਸ਼ੈਤਾਨ ਰਾਜ ਕਰਦਾ ਹੈ ਯਾ ਪਰਮੇਸ਼ੁਰ, ਤੁਸੀਂ ਯਾ ਪਾਪ ਦੇ ਦਾਸ ਹੋ ਯਾ ਪਰਮੇਸ਼ੁਰ ਦੇ । ਜੇ ਤੁਹਾਡੇ ਜੀਵਨ ਉੱਤੇ ਪਾਪ ਰਾਜ ਕਰਦਾ ਹੈ ਤਾਂ ਇਨਕਾਰ ਨਾ ਕਰੋ ਪਰੰਤੂ ਪਰਮੇਸ਼ੁਰ ਦੇ ਅਗੇ ਦੋਹਾਈ ਦਿਓ । ਉਹ ਤੁਹਾਨੂੰ ਮਸੀਹ ਯੀਸੂ ਦੁਆਰਾ ਅਜ਼ਾਦ ਕਰਾਏਗਾ, ਜਿਹੜਾ ਪਾਪੀਆਂ ਨੂੰ ਬਚਾਉਣ ਵਾਸਤੇ ਇਸ ਜੱਗਤ ਵਿੱਚ ਆ ਗਿਆ ਅਤੇ ਸਾਡੇ ਉੱਤੇ ਸ਼ੈਤਾਨ ਤੇ ਪਾਪ ਦੀ ਤਾਕਤ ਨੂੰ ਤੋੜਨ ਲਈ ਉਹ ਸਾਡਾ ਛੁਟਕਾਰਾ ਹੈ । ਤੁਸੀਂ **ਪਵਿੱਤ੍ਰ** ਪਰਮੇਸ਼ੁਰ ਦੀ ਮੌਜੂਦਗੀ ਵਿੱਚ ਹੋ ਜਿਹੜਾ ਸੱਭ ਗੁਪਤ ਗੱਲਾਂ, ਛਿੱਪੇ ਵਿਚਾਰ, ਅਤੇ ਤੁਹਾਡੇ ਜੀਵਨ ਦੇ ਕੰਮ ਦੇਖਦਾ ਹੈ । ਤੁਸੀਂ ਆਪਣੇ ਆਪ ਨੂੰ ਅਤੇ ਆਪਣੇ ਕੰਮਾਂ ਨੂੰ ਪਰਮੇਸ਼ੁਰ ਥੋਂ ਨਹੀਂ ਛਿੱਪਾ ਸਕਦੇ ਕਿਉਂ ਜੋ "ਜਿਸਨੇ ਕੰਨ ਬਣਾਏ ਕੀ ਉਹ ਸੁਣ ਨਹੀਂ ਸਕਦਾ ? ਜਿਸਨੇ ਅੱਖ ਬਣਾਈ ਕੀ ਉਹ ਵੇਖ ਨਹੀਂ ਸਕਦਾ ?"

Copyright ANCP

"ਯਹੋਵਾਹ ਦੀਆਂ ਅੱਖਾਂ ਤਾਂ ਸਾਰੀ ਧਰਤੀ ਉੱਤੇ ਫਿਰਦੀਆਂ ਹਨ । ਤਾਂ ਜੋ ਉਹ ਉਹਨਾਂ ਦੀ ਸਹਾਇਤਾ ਲਈ ਜਿਹਨਾਂ ਦਾ ਦਿੱਲ ਉਸ ਉੱਤੇ ਪੂਰਣ ਨਿਹੱਚਾ ਰਖੱਦਾ ਹੈ ਆਪਣੇ ਆਪ ਨੂੰ ਸਮਰੱਥ ਵਿਖਾਵੇ (੨ ਇਤਿਹਾਸ ੧੬:੯)

"ਕਿਉਂ ਜੋ ਉਸ ਦੀਆਂ ਅੱਖਾਂ ਮਨੁੱਖ ਦੇ ਮਾਰਗਾਂ ਉੱਤੇ ਹਨ, ਉਹ ਉਸਦੇ ਸਾਰੇ ਕਦਮਾਂ ਨੂੰ ਵੇਖਦਾ ਹੈ । ਨਾ ਕੋਈ ਅਨ੍ਹੇਰ ਨਾ ਮੌਤ ਦਾ ਪਰਛਾਵਾਂ ਹੈ, ਜਿਥੇ ਕੁਧੱਰਮੀ ਲੁਕ ਜਾਣ" (ਅੱਯੂਬ ੨੪:੨੧,੨੨)

ਪਰ ਯੀਸੂ ਨੇ ਆਪ ਨੂੰ ਉਹਨਾਂ ਦੇ ਹੱਥ ਵਿੱਚ ਨਾਂ ਸੌਂਪਿਆ ਇਸ ਲਈ ਜੋ ਉਹ ਸੱਭਨਾਂ ਨੂੰ ਜਾਣਦਾ ਸੀ (ਯੂਹੰਨਾ ੨:੨੪)

"ਧੰਨ ਹੈ ਉਹ ਜਿਹਦਾ ਅਪਰਾਧ ਖਿਮਾ ਹੋ ਗਿਆ, ਜਿਹਦਾ ਪਾਪ ਢਕਿਆ ਹੋਇਆ ਹੈ। ਧੰਨ ਹੈ ਉਹ ਆਦਮੀ ਜਿਹਦੀ ਬਦੀ ਯਹੋਵਾਹ ਓਹਦੇ ਲੇਖੇ ਨਹੀਂ ਲਾਉਂਦਾ, ਅਤੇ ਜਿਹਦੇ ਆਤਮਾ ਵਿੱਚ ਕਪਟ ਨਹੀਂ।" (ਜਬੂਰ ੩੨:੧,੨) (ਜਬੂਰ ੫੧ ਭੀ ਪੜ੍ਹੋ) ਯੀਸੂ ਅੱਜ ਭੀ ਕਹਿ ਰਿਹਾ ਹੈ "ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਆਰਾਮ ਦਿਆਂਗਾ" (ਮੱਤੀ ੧੧:੨੮-੩੦)।

—: ੦ :—


Copyright ANGP

# ਤਸਵੀਰਾਂ ਦਾ ਬਿਆਨ

## ਪਹਿਲੀ ਤਸਵੀਰ

ਇਹੰ ਤਸਵੀਰ ਸੰਸਾਰੀ ਅਤੇ ਉਸ ਮਨੁੱਖ ਅਤੇ ਔਰਤ ਦੇ ਦਿੱਲ ਨੂੰ ਪ੍ਰਗਟ ਕਰਦੀ ਹੈ ਜਿਹਦਾ ਦੋਬਾਰਾ ਜਨੱਮ ਨਹੀਂ ਹੋਇਆ। ਜਿਸਨੂੰ ਬਾਈਬਲ ਵਿੱਚ ਪਾਪੀ ਦਸਿਆ ਗਿਆ ਹੈ। ਇਹ ਉਹਦੀ ਤਸਵੀਰ ਹੈ ਜਿਹੜਾ ਇਸ ਸੰਸਾਰ ਦੀ ਆਤਮਾ ਦੁਆਰਾ ਅਤੇ ਕਾਮਨਾਵਾਂ ਅਤੇ ਖ਼ਵਾਇਸ਼ਾਂ ਦੁਆਰਾ ਚਲਾਇਆ ਜਾਂਦਾ ਹੈ। ਇਹ ਦਿੱਲ ਦੀ ਅਸਲੀ ਤਸਵੀਰ ਹੈ ਜਿਹੋ ਜਿਹੀ ਪਰਮੇਸ਼ੁਰ ਵੇਖਦਾ ਹੈ। ਜ਼ਲਦੀਆਂ ਅਤੇ ਲਾਲ ਅੱਖਾਂ ਸ਼ਰਾਬ ਦੀ ਨਿਸ਼ਾਨੀ ਦਸਦੀਆਂ ਹਨ। ਜਿਵੇਂ ਕਹਾਉਂਤਾਂ ੨੩:੨੯-੩੩ ਵਿੱਚ ਦਸਿਆ ਗਿਆ ਹੈ।- "ਕੌਣ ਹਾਏ ਹਾਏ ਕਰਦਾ ਹੈ ? ਕੌਣ ਹਮਸੋਸ ਕਰਦਾ ਹੈ ? ਕੌਣ ਝਗੜਾਲੂ ਹੈ ? ਕੌਣ ਕੁੜ੍ਹਦਾ ਹੈ। ਕੌਣ ਐਵੇਂ ਘਾਇਲ ਹੁੰਦਾ ਹੈ ? ਅਤੇ ਕਿਹਦੀਆਂ ਅੱਖਾਂ ਵਿੱਚ ਲਾਲੀ ਰਹਿੰਦੀ ਹੈ ? ਉਹੋ ਹਨ ਜਿਹੜੇ ਮੈ ਉੱਤੇ ਚਿਰ ਲਾਉਂਦੇ ਹਨ, ਅਤੇ ਰਲੀ ਹੋਈ ਸ਼ਰਾਬ ਦੀ ਭਾਲ ਕਰਦੇ ਹਨ। ਜਦੋਂ ਸ਼ਰਾਬ ਲਾਲ ਹੋਵੇ, ਜਦ ਉਹ ਪਿਆਲੇ ਵਿੱਚ ਚਮਕੇ, ਅਤੇ ਜਦ ਉਹ ਸਹਿਜ ਨਾਲ ਹੇਠਾਂ ਉਤਰੇ, ਤਾਂ ਤੂੰ ਉਹਦੀ ਵਲ ਨਾ ਤੱਕ। ਓਕੜ ਉਹ ਸੱਪ ਦੀ ਨਿਆਈਂ ਡਸੱਦੀ ਅਤੇ ਠੂਹੇਂ ਵਾਂਙੂ ਡੰਗ ਮਾਰਦੀ ਹੈ। ਤੇਰੀਆਂ ਅਖੀਆਂ ਅਣੋਖੀਆਂ ਗੈਰ ਔਰਤ ਨੂੰ ਵੇਖਣਗੀਆਂ ਅਤੇ ਤੇਰਾ ਮਨ ਉਲਟੀਆਂ ਗੱਲਾਂ ਉਚਾਰੇਗਾ।

ਥੱਲੇ ਤਸਵੀਰ ਵਿੱਚ ਸਿਰ, ਮਨੁੱਖ ਦਾ ਦਿੱਲ ਭਿੰਨ ਭਿੰਨ ਜੰਤੂਆਂ ਦੁਆਰਾ ਨਿਵਾਸ ਕੀਤੇ ਹੋਏ ਤੁਸੀਂ ਦੇਖ ਸਕਦੇ ਹੋ। ਜਿਹੜੇ ਮਨੁੱਖ ਦੇ ਦਿੱਲ ਵਿੱਚ ਬਹੁਤ ਅਤੇ ਭਿੱਨ ਭਿੱਨ ਪਾਪਾਂ ਦੇ ਬਾਰੇ ਬੋਲਦੇ ਹਨ। ਮੰਨੋ ਭਈ ਦਿੱਲ ਨਿਵਾਸ ਸਥਾਨ ਹੈ ਅਤੇ ਸਾਡੇ ਪਾਪਾਂ ਦੀ ਜਗ੍ਹਾ ਹੈ। ਪਰਮੇਸ਼ੁਰ ਆਪਣੇ ਨਬੀ ਯਿਰ-ਮਿਯਾਹ ਦੇ ਦੁਆਰਾ ਸਾਨੂੰ ਦਸਦਾ ਹੈ ਭਈ "ਦਿੱਲ ਸਭ ਚੀਜ਼ਾਂ ਨਾਲੋਂ ਧੋਖੇ-ਬਾਜ਼ ਹੈ, ਉਹ ਪੁੱਜ ਕੇ ਖਰਾਬ ਹੈ। ਉਹਨੂੰ ਕੌਣ ਜਾਣ ਸਕਦਾ ਹੈ ?




੧. ਪਾਪੀ ਦਿੱਲ

(ਯਿਰਮਿਯਾਹ ੧੭:੯) ਯਿਸੂ ਖੁੱਦ ਇਹਦੇ ਤੇ ਜ਼ੋਰ ਦਿੰਦੇ ਹੋਏ ਕਹਿੰਦਾ ਹੈ "ਕਿਉਂ ਜੋ ਅੰਦਰੋਂ ਮਨੁੱਖ ਦੇ ਦਿੱਲ ਵਿੱਚੋਂ ਬੁਰੇ ਖ਼ਿਆਲ ਹਰਾਮਕਾਰੀਆਂ, ਚੋਰੀਆਂ, ਖ਼ੂਨ, ਜ਼ਨਾਕਾਰੀਆਂ, ਲੋਭ ਬਦੀਆਂ, ਛਲ, ਮਸਤੀ, ਬੁਰੀ ਨਜ਼ਰ, ਕੁਫਰ ਹੰਕਾਰ, ਮੂਰਖਤਾਈ ਨਿਕਲਦੀ ਹੈ ਏਹ ਸਾਰੀਆਂ ਬੁਰੀਆਂ ਗੱਲਾਂ ਅੰਦਰੋਂ ਨਿਕਲਦੀਆਂ, ਅਤੇ ਮਨੁੱਖ ਨੂੰ ਭਰਿਸ਼ਟ ਕਰਦੀਆਂ ਹਨ" (ਮਰਕੁਸ ੭:੨੧-੨੩)

(੧) **ਮੋਰ** :—ਜਦ ਹਰ ਵਿਅਕਤੀ ਦੁਆਰਾ ਮੋਰ ਦੀ ਸੁੰਦਰਤਾ ਦੀ ਸਿਫ਼ਤ ਹੁੰਦੀ ਹੈ। ਤਾਂ ਇੱਥੇ ਮਨੁੱਖ ਦੇ ਦਿਲ ਵਿੱਚ ਘਮੰਡ ਦੇ ਪਾਪ ਦੀ ਗਲ ਹੁੰਦੀ ਹੈ। ਲੂਸੀਫਰ, ਮਕਸੂਸ ਕੀਤਾ ਹੋਇਆ ਕਰੂਬ (ਫਰਿਸ਼ਤਾ) ਜਿਹੜਾ ਕਦੀ ਪਰਮੇਸ਼ੁਰ ਦੀ ਜੋਤ ਲੈ ਜਾਣ ਵਾਲਾ, ਪਰਮੇਸ਼ੁਰ ਦਾ ਦੂਤ ਸੀ ਘੁਮੰਡ ਵਿੱਚ ਪੈ ਗਿਆ ਅਤੇ ਪਰਮੇਸ਼ੁਰ ਦਾ ਦੁਸ਼ਮਨ ਅਤੇ ਸ਼ੈਤਾਨ ਬਣ ਗਿਆ (ਯਸ਼ਾ੦ ੧੪:੯-੬੭ , ਹਿਜ਼੦ ੨੮:੨੨-੧੭)

ਘੁਮੰਡ ਨਰੱਕ ਵਿੱਚੋਂ ਆਉਂਦਾ ਹੈ ਅਤੇ ਆਪਣੇ ਆਪ ਨੂੰ ਕਈ ਤਰੀਕਿਆਂ ਨਾਲ ਪ੍ਰਗਟ ਕਰਦਾ ਹੈ। ਕੁੱਝ ਲੋਕ ਆਪਣੀ ਦੌਲਤ, ਆਪਣੀ ਤਾਲੀਮ ਦੇ ਸਤੱਰ ਅਤੇ ਫੈਸ਼ਨ ਵਾਲੇ ਕਪੜਿਆਂ ਤੇ ਜਿਹਦੇ ਨਾਲ ਉਹ ਆਪਣੇ ਬਦਨ ਬੇ-ਸ਼ਰਮੀ ਵਿੱਚ ਨੰਗੇ ਕਰਦੇ ਹਨ, ਛਣਕਦੇ ਗਹਿਣਿਆਂ, ਚੂੜੀਆਂ ਅਤੇ ਅੰਗੂਠੀਆਂ ਆਦ ਉੱਤੇ ਘੁਮੰਡ ਕਰਦੇ ਹਨ। ਜਿਹਾ ਕਿ (ਯਸ਼ਾਯਾਹ ੩:੧੭-੨੪) ਵਿੱਚ ਚੰਗੀ ਤਰ੍ਹਾਂ ਦਸਿਆ ਗਿਆ ਹੈ। ਕੁਝ ਲੋਕ ਆਪਣੇ ਪੂਰਵਜਾਂ, ਰਾਸ਼ਟ੍ਰਤਾ, ਸਭਿਅਤਾ, ਖੇਲ-ਕੂਦ ਆਦ ਉੱਤੇ ਘੁਮੰਡ ਕਰਦੇ ਹਨ। ਇਹ ਭੁੱਲਦੇ ਹੋਏ ਭਈ "ਪਰਮੇਸ਼ੁਰ ਘੁਮੰਡੀਆਂ ਦਾ ਸਾਹਮਣਾ ਕਰਦਾ ਹੈ ਪਰ ਹਲੀਮਾਂ ਨੂੰ ਕਿਰਪਾ ਬਖ਼ਸ਼ਦਾ ਹੈ।" (੧ ਪਤਰਸ ੫:੫) ਪਰਮੇਸ਼ੁਰ ਘੁਮੰਡ ਅਤੇ ਹੰਕਾਰ ਥੋਂ ਘਿਰਣਾ ਕਰਦਾ ਹੈ (ਕਹਾਉਂਤਾ ੮:੧੩) "ਨਾਮ ਥੋਂ ਪਹਿਲਾਂ ਹੰਕਾਰ ਅਤੇ ਡਿੱਗਣ ਥੋਂ ਪਹਿਲਾਂ ਘੁਮੰਡੀ ਰੂਹ ਹੁੰਦੀ ਹੈ।

(**ਬਕਰਾ** :—ਇਹ ਸੰਸਾਰੀ ਲਾਲਚ, ਅਨੈਤਿਕਤਾ, ਹਰਾਮਕਾਰੀ, ਜਨਾ-ਕਾਰੀ ਦਸਦਾ ਹੈ। ਉੱਪਰ ਲਿਖੇ ਪਾਪ ਅੱਜ ਕਲ ਦੇ ਲੋਕਾਂ ਵਿੱਚ ਵੱਧ ਗਏ ਹਨ। ਪਰੰਤੂ ਅੰਤ ਦੇ ਦਿੱਨਾਂ ਵਿੱਚ ਏਸੀ ਹਦ ਤੱਕ ਸਾਨੂੰ ਮਸੀਹ ਦੇ ਸ਼ਬਦਾਂ ਦੀ ਸਚਾਈ ਨੂੰ ਕਬੂਲ ਕਰਨਾ ਹੈ ਜਦ ਕਿ ਉਸ ਨੇ ਲਗ-ਭੱਗ ਦੋ ਹਜ਼ਾਰ ਸਾਲ

Copyright ANGP

ਪਹਿਲੇ ਭਵਿਖਬਾਣੀ ਕੀਤੀ ਭਈ ਅੰਤ ਦੇ ਦਿਨ ਸਦੂਮ ਅਤੇ ਅਮੂਰਾ ਵਾਂਙੂ ਹੋਣਗੇ । ਨਾ ਸਿਰਫ ਇਸ ਅੱਜ ਕੱਲ ਦੀ ਆਤਮਾ ਨੇ ਮਨੁੱਖ ਅਤੇ ਔਰਤਾਂ ਨੂੰ ਪਕੱੜ ਲਿਆ ਹੈ ਅਤੇ ਧਾਰਮਿਕ ਲੋਕਾਂ ਦੇ ਘਰਾਂ ਸੰਸਥਾਵਾਂ, ਸਾਡੇ ਸਕੂਲ ਅਤੇ ਹੋਸਟਲਾਂ ਵਿੱਚ ਪ੍ਰਵੇਸ਼ ਕੀਤਾ ਹੈ ਪਰੰਤੂ ਭ੍ਰਿਸ਼ਟ ਕਰਨ ਵਾਲਾ ਬੀਜ, ਮਨੁੱਖ ਜਾਤੀ ਦੇ ਦਿਲਾਂ ਵਿੱਚ; ਸਿਨੇਮਾ, ਨਾਚਘਰ, ਗੰਦੇ ਸਹਿਤ ਅਤੇ ਦੂਜਿਆਂ ਸਾਧਨਾਂ ਦੁਆਰਾ, ਸ਼ੈਤਾਨੀ ਪੂਰਤ ਤਰੀਕੇ ਨਾਲ, ਬੇਸ਼ਰਮੀ ਨਾਲ ਬੀਜਿਆ ਗਿਆ ਹੈ । ਭਈ ਜੋ ਕੁਝ ਪਰਮੇਸ਼ੁਰ ਪਾਪ ਦੇ ਬਾਰੇ ਕਹਿੰਦਾ ਹੈਂ । ਅਜ ਕਲ ਦੇ ਨੈਤਿਕ ਥੋਂ ਦੇਖਿਆ ਜਾਂਦਾ ਹੈ । ਲੱਖਾਂ ਹੀ ਜਵਾਨ ਲੋਕ, ਸਿਨੇਮਾ ਅਤੇ ਨਾਵਲਾਂ ਤੋਂ ਆਪਣੇ ਆਦਰੱਸ਼ ਜੀਵਨ ਦੀ ਧਾਰਣਾ ਬਣਾਉਂਦੇ ਹਨ ਕੇਵਲ ਇਹ ਪਤਾ ਕਰਨ ਲਈ ਭਈ ਉਹ ਦੁੱਖ, ਸ਼ਰਮਿੰਦਗੀ ਅਤੇ ਪਛਤਾਵੇ ਵਿੱਚ ਪਏ ਹਨ । ਅਨੈਤਿਕ ਅਤੇ ਅਸ਼ੁਧ ਜੀਵਨ ਵਾਲੇ ਐਕਟ੍ਰਸ ਅਤੇ ਐਕਟ੍ਰੈਸਸ ਜਵਾਨ ਪੀੜ੍ਹੀ ਦੇ ਅਭਿਨੇਤਾ ਅਤੇ ਅਭਿਨੇਤ੍ਰੀ ਬਣਦੇ ਹਨ । ਨਾਚਕਮਰੇ ਭੀ ਅਧਿਕ ਕਰਕੇ ਅਨੈਤਿਕਤਾ ਪੈਦਾ ਕਰਨ ਦੀ ਜਗ੍ਹਾ ਹੁੰਦੇ ਹਨ । ਪਰਮੇਸ਼ੁਰ ਦੇ, ਪਵਿਤ੍ਰ ਅਭਿਨੇਤਾ ਯੂਸਫ਼ (ਉਤੱਪਤੀ ੩੯) ਅਤੇ ਦੂਜਿਆਂ ਦੀ ਉਦਾਹਰਣ ਨਹੀਂ ਦਿੱਤੀ ਜਾਂਦੀ ਹੈ । ਫੂਹੜ ਅਤੇ ਪੁਰਾਨੀ, ਦੱਖਣੀ ਅਫਰੀਕਾ ਦੀ ਮੂਰਤੀ ਪੂਜਕ ਜਾਤੀ ਭੀ ਜਿਹੜੀ ਜ਼ਨਾ ਕਰਨ ਵਾਲੇ ਨੂੰ ਭਾਵੇਂ ਉਹ ਮਰਦ ਹੋਵੇ ਯਾ ਔਰਤ ਮਾਰ ਦਿੰਦੀ ਹੈ । ਸਾਡੀ ਸ਼ਿਸ਼ਟ ਪੀੜੀ ਨੂੰ ਕੁਝ ਸਿੱਖਾ ਸਕਦੀ ਹੈ । ਅਤੇ ਨਿਆਂ ਦੇ ਦਿਨ ਸਾਡੇ ਵਿਰੁਧ ਸਜ਼ਾ ਲਈ ਖੜੀ ਹੋ ਸਕਦੀ ਹੈ । ਪਰਮੇਸ਼ੁਰ ਸਾਨੂੰ ਦਸਦਾ ਹੈ ਹਰਾਮ-ਕਾਰੀ ਨਾ ਕਰੋ ਪਰੰਤੂ ਉਹਦੇ ਥੋਂ ਦੂਰ ਰਹੋ । "ਹਰੇਕ ਪਾਪ ਜੋ ਮਨੁੱਖ ਕਰਦਾ ਹੈ ਸੋ ਸਰੀਰ ਦੇ ਬਾਹਰ ਹੈ ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ । ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤ੍ਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵਲੋਂ ਮਿਲੀ ਹੈ । ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ ? ( ੧ ਕੁਰਿੰ० ੬:੧੮,੧੯) । "ਜੋ ਕੋਈ ਪਰਮੇਸ਼ੁਰ ਦੀ ਹੈਕਲ ਦਾ ਨਾਸ ਕਰੇ ਤਾਂ ਪਰਮੇਸ਼ੁਰ ਉਹਦਾ ਨਾਸ ਕਰੇਗਾ, ਕਿਉਂ ਜੋ ਪਰਮੇਸ਼ੁਰ ਦੀ ਹੈਕਲ ਪਵਿੱਤ੍ਰ ਹੈ ਅਤੇ ਇਹੋ ਤੁਸੀਂ ਹੋ (੧ ਕੁਰਿੰ० ੩:੧੭) ।

Copyright ANCP

**(੩) ਸੂਅਰ** :—ਇਹ ਸ਼ਰਾਬ ਪੀਣ ਅਤੇ ਪੇਟੂਪਨ ਦੇ ਪਾਪਾਂ ਬਾਰੇ ਬੋਲਦਾ ਹੈ । ਇਹ ਇਕ ਗੰਦਾ ਜਾਨਵਰ ਹੈ । ਆਪਣੇ ਰਾਹ ਵਿੱਚ ਜਾਂਦਿਆਂ ਹੋਇਆਂ ਸੱਭ ਸਾਫ਼ ਅਤੇ ਗੰਦੀਆਂ ਚੀਜਾਂ ਖਾ ਜਾਂਦਾ ਹੈ । ਇਸੀ ਪ੍ਰਕਾਰ ਇਕ ਪਾਪੀ ਦਿੱਲ ਹਰ ਇਕ ਗੰਦੀ ਚੀਜ਼ ਹਜ਼ਮ ਕਰਦਾ ਹੈ । ਜਿਵੇਂ : ਗੰਦੇ ਕਥੱਨ, ਗੰਦੀ ਤਸਵੀਰਾਂ ਅਤੇ ਗੰਦਾ ਸਹਿਤ ਆਦ ਸਰੀਰ ਜਿੰਦੇ ਪਰਮੇਸ਼ੁਰ ਦੀ ਹੈਕਲ ਹੋਣਾ ਦਸੱਦਾ ਹੈ । ਪਰ ਅਸ਼ੁੱਧ ਭੋਜਨ ਅਤੇ ਗੰਦੀਆਂ ਆਦਤਾਂ ਦੁਆਰਾ ਗੰਦਾ ਹੋ ਜਾਂਦਾ ਹੈ ਜਿਵੇਂ : ਸਿਗਰੇਟ ਪੀਣਾ, ਤੰਬਾਕੂ ਚਬਾਣਾ, ਅਫ਼ੀਮ ਅਤੇ ਨੁਕਸਾਨ ਕਰਨ ਵਾਲੀਆਂ ਦਵਾਈਆਂ ਅਤੇ ਗੋਲੀਆਂ ਦਾ ਪ੍ਰਯੋਗ ਕਰਨਾ ਆਦ । ਤੰਬਾਕੂ ਪੀਣ ਅਤੇ ਅਫ਼ੀਮ ਖਾਣ ਦੀ ਆਦਤ ਨੇ ਮਰਦਾਂ ਅਤੇ ਔਰਤਾਂ ਨੂੰ ਜਕੱੜ ਲਿਆ ਹੈ ਜਿਹੜਾ ਕਿ ਪਹਿਲੇ ਕਦੀ ਨਹੀਂ ਸੀ । ਕੇਵਲ ਪਰਮੇਸ਼ੁਰ ਦੀ ਤਾਕਤ ਹੀ ਇਸ ਤੰਬਾਕੂ ਦੇ ਸ਼ਿਕਾਰ ਅਤੇ ਸ਼ੈਤਾਨ ਦੇ ਦਾਮਾਂ ਨੂੰ ਆਜ਼ਾਦ ਕਰ ਸਕਦੀ ਹੈ । ਜਦ ਕਿ ਲੋਕ ਧਾਰਮਿਕ ਰੂਪ ਨਾਲ ਗਿਰਜੇ ਵਿੱਚ, ਇਹ ਸੋਚਦੇ ਹੋਏ ਭਈ ਪਵਿੱਤ੍ਰ ਵਸਤਾਂ ਗੰਦੀਆਂ ਹੋਣਗੀਆਂ, ਸਿਗਰੇਟ ਨਾ ਪੀਣ ਤਾਂ ਉਹਨਾਂ ਨੂੰ ਇਸ ਚਮਕਦੇ ਤੰਬਾਕੂ ਨਾਲ ਗੰਦਾ ਕਰਨ ਦੇ ਬਾਰੇ ਕਦੀ ਸ਼ਕ ਨਹੀਂ ਹੋਵੇਗਾ । ਜਿਹੜੀ ਕਿ ਪਰਮੇਸ਼ੁਰ ਦੀ ਵਾਸਤਵਿਕ ਹੈਕਲ ਹੈ । ਉਹ ਹੈ ਤੁਹਾਡੇ ਸ਼ਰੀਰ । ਪੌਲੁਸ ਰਸੂਲ ਕਹਿੰਦਾ ਹੈ ਭਈ, "ਤੁਸੀਂ ਨਹੀਂ ਜਾਣਦੇ ਭਈ ਤੁਹਾਡੀ ਦੇਹ ਪਵਿੱਤ੍ਰ ਆਤਮਾ ਦੀ ਹੈਕਲ ਹੈ । ਅਤੇ ਜਿਹੜਾ ਇਹਦਾ ਨਾਸ ਕਰੇ ਉਹਦਾ ਪਰਮੇਸ਼ੁਰ ਨਾਸ ਕਰੇਗਾ ?" (ਕੁਰਿੰ੦ ੩:੧੬,੧੭, ੬:੧੮,੧੯) ।

ਇਕ ਪੇਟੂ ਮਨੁੱਖ ਤੋਂ ਭੀ ਪਰਮੇਸ਼ੁਰ ਘਿਰਣਾ ਕਰਦਾ ਹੈ । ਅਸੀਂ ਜਿੰਦਾ ਰਹਿਣ ਲਈ ਖਾਂਦੇ ਹਾਂ ਨਾ ਕਿ ਖਾਣ ਲਈ ਜੀਉਂਦੇ ਹਾਂ । ਭੁੱਖ ਬਹੁਤ ਸਾਰਾ ਭੋਜਨ ਖਾਣ ਨਾਲ ਮਿਟਾਈ ਜਾ ਸਕਦੀ ਹੈ ਪਰੰਤੂ ਲਾਲਚ ਹਮੇਸ਼ਾ ਚਿਲਾਉਂਦਾ ਹੈ, "ਦਿਓ, ਦਿਓ" । ਲਾਲਚ ਕਦੀਭੀ ਤਸੱਲੀ ਬਖਸ਼ ਨਹੀਂ ਹੁੰਦਾ, ਕਦੀ ਭੀ ਸੰਤੁਸ਼ਟ ਨਹੀਂ ਹੁੰਦਾ । ਪੁਰਾਣੇ ਨੇਮ ਦੇ ਕਨੂੰਨ ਦੇ ਅਨੁਸਾਰ ਇਕ ਪੇਟੂ ਅਤੇ ਸ਼ਰਾਬੀ ਪੱਥਰਵਾਹ ਕਰਕੇ ਮਾਰ ਦਿੱਤਾ ਜਾਂਦਾ ਸੀ (ਬਿਵਸਥਾ ਸਾਰ ੨੧:੧੮-੨੧) "ਕਿਉਂ ਜੋ ਸ਼ਰਾਬੀ ਅਤੇ ਪੇਟੂ ਗਰੀਬ ਹੋ ਜਾਂਦੇ ਹਨ, ਅਤੇ ਨੀਂਦਰ ਆਦਮੀ ਨੂੰ ਲੀਰਾਂ ਪਹਿਨਾਉਂਦੀ ਹੈ । ਪਰ ਪੇਟੂਆਂ ਦਾ ਮੇਲੀ ਆਪਣੇ ਪਿਓ

Copyright ANGP

ਦਾ ਮੂੰਹ ਕਾਲਾ ਕਰਦਾ ਹੈ।" (ਕਹਾਉਤਾਂ–੨੩:੨੧, ੨੮:੭) ਇਕ ਅਮੀਰ ਆਦਮੀ, ਇਕ ਪੇਟੂ ਅਤੇ ਇਕ ਲਾਲਚੀ ਦਾਸ ਜਿਹੜਾ ਮਰ ਗਿਆ ਅਤੇ ਜਦੋਂ ਨਰੱਕ ਵਿੱਚ ਏਸੇ ਦੁੱਖ ਵਿਚ ਆਪਣੀਆਂ ਅੱਖਾਂ ਉੱਪਰ ਚੁਕਦਾ ਹੈ ਜਿਹਦਾ ਬਿਆਨ ਨਹੀਂ ਕੀਤਾ ਜਾ ਸਕਦਾ, ਨੂੰ ਯਾਦ ਕਰੋ। ਸ਼ਰਾਬ ਪੀਣ ਦੀ ਬੁਰਾਈ ਬੜੀ ਮੁਸ਼ਕਿਲ ਨਾਲ ਬਿਆਨ ਕੀਤੀ ਜਾ ਸਕਦੀ ਹੈ। ਜੇ ਕੇਵਲ ਥੋੜੀ ਭੀ ਪੀਤੀ ਜਾਵੇ ਪਰ ਫਿਰ ਭੀ ਇਹਦਾ ਪਤਾ ਲਗ ਜਾਂਦਾ ਹੈ। ਪਰਮੇਸ਼ੁਰ ਆਪਣੇ ਬਚਨ ਵਿੱਚ ਸਾਨੂੰ ਸਾਫ਼ ਦਸਦਾ ਹੈ ਭਈ ਕੋਈ ਸ਼ਰਾਬੀ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਨਹੀਂ ਹੋਵੇਗਾ। ਜੌਂਵਾਂ ਦੀ ਸ਼ਰਾਬ ਕੋਈ ਭੋਜਨ ਨਹੀਂ ਹੈ। ਇਹ ਇਕ ਮਾਰ ਦੇਣ ਵਾਲੀ ਸ਼ਰਾਬ ਹੈ ਜਿਹੜੀ ਮਨ ਉੱਤੇ ਅਸਰ ਕਰਦੀ ਹੈ ਅਤੇ ਬਿਗਾੜ ਦਿੰਦੀ ਹੈ। ਇਸ ਲਈ ਜਿਹੜੇ ਪੀਂਦੇ ਹਨ ਬੇਵਕੂਫੀ ਦੇ ਕੰਮ ਕਰਦੇ ਹਨ। ਉਹ ਅਨੈਤਿਕ ਬਣ ਜਾਂਦੇ ਹਨ। ਇਕ ਦੂਜੇ ਨੂੰ ਮਾਰ ਦਿੰਦੇ ਹਨ ਅਤੇ ਖ਼ੂਨ ਕਰ ਦਿੰਦੇ ਹਨ। ਪਰ ਜੇ ਨਾ ਪੀਂਦੇ ਤਾਂ ਨਾ ਕਰਦੇ। "ਮੈ ਠੱਠੇ ਵਾਲੀ ਤੇ ਸ਼ਰਾਬ ਝਗੜੇ ਵਾਲੀ ਚੀਜ਼ ਹੈ, ਜੋ ਕੋਈ ਉਹਨਾਂ ਤੋਂ ਧੋਖਾ ਖਾਂਦਾ ਹੈ ਉਹ ਬੁੱਧਵਾਨ ਨਹੀਂ" (ਕਹਾਉਤਾਂ ੨੦:੧)

ਉਹ ਜਿਹੜੇ ਸਖੱਤ ਸ਼ਰਾਬ ਬਣਾਉਂਦੇ ਹਨ ਤੇ ਵੇਚਦੇ ਹਨ ਪਰਮੇਸ਼ੁਰ ਦੇ ਸਾਹਮਣੇ ਬਰਾਬਰ ਅਪਰਾਧੀ ਹਨ। ਕਿਉਂ ਜੋ ਪਰਮੇਸ਼ੁਰ ਕਹਿੰਦਾ ਹੈ। "ਹਾਇ ਉਹਨਾਂ ਉੱਤੇ ਜਿਹੜੇ ਮਧ ਪੀਣ ਵਿੱਚ ਸੂਰਮੇ ਹਨ, ਅਤੇ ਸ਼ਰਾਬ ਤਿਆਰ ਕਰਨ ਵਿੱਚ ਸੂਰਬੀਰ ਹਨ।" (ਯਸ਼ਾ੦ ੫:੨੨) "ਹਾਇ ਉਹਨੂੰ ਜੋ ਆਪਣੇ ਗੁਆਂਢੀ ਨੂੰ ਆਪਣੇ ਗੁੱਸੇ ਦੇ ਕਟੋਰੇ ਤੋਂ ਪਿਲਾਉਂਦਾ ਹੈ।" (ਹਬੱਕੂਕ ੨:੧੫) "ਉਹਨਾਂ ਦੀਆਂ ਜ਼ਿਆਫ਼ਤਾਂ ਵਿੱਚ ਬਰਬਤ ਤੇ ਸਿਤਾਰ, ਡੱਫ, ਬੰਸਰੀ ਤੇ ਮਧ ਤਾਂ ਹਨ, ਪਰ ਉਹ ਯਹੋਵਾਹ ਦੇ ਕੰਮ ਦੀ ਪਰਵਾਹ ਨਹੀਂ ਕਰਦੇ" (ਯਸ਼ਾ ੫:੧੨)। "ਧੋਖਾ ਨਾ ਖਾਓ। ਕੋਈ ਭੀ ਅਨੈਤਿਕ ਯਾ ਜ਼ਨਾਹਕਾਰ, ਅਨੈਤਿਕ ਯਾ ਮੁੰਡੇਬਾਜ਼, ਇਕ ਚੋਰ ਯਾ ਇਕ ਲੁਟੇਰਾ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਨਹੀਂ ਹੋਵੇਗਾ। (੧ ਕੁਰਿੰ੦ ੬:੯,੧੦)।

ਯੀਸੂ ਪਿਆਸੇ ਲੋਕਾਂ ਨੂੰ ਥੱਲੇ ਲਿਖਿਆ ਬੁਲਾਵਾ ਦਿੰਦਾ ਹੈ। "ਜੇ ਕੋਈ ਪਿਆਸਾ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਜੀਵਨ ਦਾ ਜਲ ਮੁਫ਼ਤ ਪੀਵੇ" ਯੂਹੰਨਾ (੭:੩੭,੩੮) "ਓਇ, ਹਰੇਕ ਜੋ ਤਿਆਇਆ ਹੈ ਤੁਸੀਂ ਪਾਣੀ ਲਈ

Copyright ANGP

ਆਓ, ਅਤੇ ਜਿਹਦੇ ਕੋਲ ਚਾਂਦੀ ਨਹੀਂ ਤੁਸੀਂ ਆਓ, ਲੈ ਲਓ ਅਤੇ ਖਾ ਲਓ ਆਓ ਬਿਨਾ ਚਾਂਦੀ ਬਿਨਾ ਮੁੱਲ ਮੱਧ ਤੇ ਦੁੱਧ ਲੈ ਲਓ ! (ਯਸ਼ਾ੦ ੫੫:੧) "ਪਰ ਜੋ ਕੋਈ ਮੇਰਾ ਦਿੱਤਾ ਹੋਇਆ ਜਲ ਪੀਏਗਾ ਸੋ ਸਦੀਪਕ ਕਾਲ ਤੀਕੁਰ ਕਦੇ ਤਿਹਾਇਆ ਨਾ ਹੋਵੇਗਾ ਬਲਕਿ ਉਹ ਜਲ ਜੋ ਮੈਂ ਉਹਨੂੰ ਦਿਆਂਗਾ ਉਹਦੇ ਵਿੱਚ ਜਲ ਦਾ ਇਕ ਸੋਤਾ ਬਣ ਜਾਵੇਗਾ । ਜੋ ਅਨੰਤ ਜੀਉਣ ਤੀਕੁਰ ਉਛੱ-ਲਦਾ ਰਹੇਗਾ" (ਯੂਹੰਨਾ ੪:੧੪)

(੪) ਕਛੂਵਾ :—ਇਹ ਸੁਸਤੀ, ਟਾਲਮਟੋਲ ਅਤੇ ਜਾਦੂ ਦੇ ਬਾਰੇ ਬੋਲਦਾ ਹੈ । ਅਵਿਸ਼ਵਾਸ਼ ਜਾਦੂ ਦੇ ਪਾਪ ਦੇ ਵਾਂਙੂ ਹੈ । "ਆਲਸੀ ਦੀ ਇੱਛਿਆ ਉਸ ਨੂੰ ਮਾਰ ਸੁੱਟਦੀ ਹੈ, ਉਹਦੇ ਹੱਥ ਕੰਮ ਕਰਨ ਤੋਂ ਨਾ ਜੋ ਕਰਦੇ ਹਨ । ਉਹ ਦਿਨ ਭਰ ਲੋਭ ਹੀ ਕਰਦਾ ਰਹਿੰਦਾ ਹੈ" ਕਹਾਉਤਾਂ ੨੧:੨੫,੨੬) ਯਹੋਸ਼ੁਆ ਨੂੰ ਇਸਰਾਈਲੀਆਂ ਨੂੰ ਕਹਿਣਾ ਪਇਆ ਭਈ, "ਦੇਸ਼ ਨੂੰ ਹਾਸਲ ਕਰਨ ਲਈ ਸੁਸਤ ਨਾ ਬਣੋ ।" ਮਨੁੱਖ ਦੀ ਸੁਭਾਓ, ਪਰਮੇਸ਼ੁਰ ਦੀਆਂ ਚੀਜ਼ਾਂ ਹਾਸਲ ਕਰਨ ਲਈ ਬੜਾ ਸੁਸਤ ਅਤੇ ਆਲਸੀ ਹੈ । ਯੀਸੂ ਨੇ ਕਹਿਆ, "ਤੁਸੀਂ ਭੀੜੇ ਬੂਹੇ ਤੋਂ ਵੜਨ ਦਾ ਵੱਡਾ ਜਤੱਨ ਕਰੋ" (ਲੂਕਾ ੧੩:੨੪) । ਜਿਹੜਾ ਲਭੱਦਾ ਹੈ ਉਹਨੂੰ ਮਿਲਦਾ ਹੈ ।" "ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ ਅਤੇ ਜ਼ੋਰ ਮਾਰਨ ਵਾਲੇ ਉਸਨੂੰ ਖੋ ਲੈਂਦੇ ਹਨ ।" (ਮੱਤੀ ੧੧:੧੨)

ਸੁਸਤੀ, ਮੁਕਤੀ ਅਤੇ ਸਾਡੀ ਆਤਮਾ ਦੀ ਆਤਮਿਕ ਭਲਿਆਈ ਨਾਲ ਸੰਬੰਧ ਰਖਦੇ ਹੋਏ, ਅਨੰਤ ਮੌਤ ਹੈ । ਇਹ ਸਾਨੂੰ ਪ੍ਰਾਰਥਨਾ ਕਰਨ ਤੋਂ, ਪਰਮੇਸ਼ੁਰ ਦੀ ਗਹਿਰੀ ਗਲਾਂ ਢੂੰਡਣ ਤੋਂ ਅਤੇ ਪਰਮੇਸ਼ੁਰ ਦੇ ਕੀਮਤੀ ਵਾਹਦਿਆਂ ਦੇ ਅਧਿਕਾਰ ਲੈਣ ਤੋਂ ਪਰੇ ਰਖਦੀ ਹੈ । ਇਹ ਨਾਸ਼ ਦੀ ਤਰਫ ਲੈ ਜਾਂਦੀ ਹੈ । ਜਦੋਂ ਪਰਮੇਸ਼ੁਰ ਕਹਿੰਦਾ ਹੈ ਭਈ ਤੁਸੀਂ ਉਹਨੂੰ ਅਜ ਆਪਣਾ ਦਿਲ ਦਿਓ ਤਦ ਸ਼ੈਤਾਨ ਕਹਿੰਦਾ ਹੈ ਭਈ ਕੱਲ ਦੇਣਾ ਯਾ ਹੋਰ ਕਿਸੇ ਦਿਨ ਜਦੋਂ ਮੌਕਾ ਮਿਲੇ, ਪਰ ਉਹ ਕਦੇ ਨਹੀਂ ਆਉਂਦਾ, ਅਤੇ ਤੁਸੀਂ ਮੁੱਕਤੀ ਦੇ ਬਿਨਾ ਅਤੇ ਮਸੀਹ ਦੇ ਬਿਨਾ ਮਰ ਜਾਂਦੇ ਹੋ । ਪਰਮੇਸ਼ੁਰ ਕਹਿੰਦਾ ਹੈ, "ਅੱਜ ਜੇ ਤੁਸੀਂ ਉਹਦੀ ਆਵਾਜ਼ ਸੁਣੋ ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ" ਇਬ੦ ੩:੭,੮) ਕਿਨੇ ਲੋਕ, ਜਿਨਾਂ ਨੇ ਮੁੱਕਤੀ ਨੂੰ ਕੱਲ ਦੇ ਦਿਨ ਤੇ ਟਾਲਿਆ ਜਿਹੜਾ ਕਦੀ ਆਉਂਦਾ ਨਹੀਂ, ਨਾਸ਼ ਹੋ ਗਏ ਹਨ ? ਕੱਲ ਦਾ ਦਿਨ ਤੁਹਾਡਾ ਨਹੀਂ ਹੈ ।

Copyright AINGP

ਕਛੂਵੇ ਦੀ ਖੋਪੜੀ ਜਾਦੂ ਦੇ ਡਾਕਟਰ ਜਾਦੂ ਦੇ ਅਭਿਆਸ ਲਈ ਅਕਸਰ ਪ੍ਰਯੋਗ ਕਰਦੇ ਹਨ ਅਤੇ ਉਹਦੇ ਵਿੱਚ ਵਿਸ਼ਵਾਸ਼, ਜਾਦੂ ਦੇ ਅਭਿਆਸ, ਅਤੇ ਟੂਣੇ ਵਿੱਚ ; ਜਿੰਦੇ ਪਰਮੇਸ਼ੁਰ ਤੋਂ ਇਲਾਵਾਂ ਵਿਸ਼ਵਾਸ਼ ਕਰਨ ਲਈ ਬੋਲਦੇ ਹਨ । ਖਾਸ ਕਰਕੇ, ਪ੍ਰੀਖੀਆਵਾਂ ਅਤੇ ਬਿਮਾਰੀ ਵਿੱਚ, ਦੁੱਖ ਅਤੇ ਵਿਛੋੜੇ ਦੇ ਦਿੱਨਾਂ ਵਿੱਚ ਸਾਨੂੰ ਕਹਿਆ ਜਾਂਦਾ ਹੈ ਭਈ ਚੰਗੀ, ਬੁਰੀ ਕਿਸਮਤ ਵਿੱਚ ਵਿਸ਼-ਵਾਸ ਕਰਨ ਤੋਂ ਇਲਾਵਾ, ਜਿੰਦਾਂ ਪਰਮੇਸ਼ੁਰ ਨੂੰ ਯਾਦ ਕਰਨ ਲਈ ਕਹਿਆ ਜਾਂਦਾ ਹੈ । ਜਿਹੜਾ ਕਿ ਮੱਦਦ ਕਰਨ ਨੂੰ ਤਿਆਰ ਹੈ । ਕਿਉਂ ਜੋ ਮਨੁੱਖ ਦੀ ਚਾਲ ਯਹੋਵਾਹ ਵਲੋਂ ਦ੍ਰਿੜ੍ਹ ਹੁੰਦੀ ਹੈ'' (ਜ਼ਬੂਰ ੩੭:੨੩) ''ਕੀ ਤੁਹਾਡੇ ਵਿੱਚ ਕੋਈ ਮਾਂਦਾ ਹੈ ? ਤਾਂ ਕਲੀਸਿਆ ਦੇ ਬਜ਼ੁਰਗਾਂ ਨੂੰ ਸੱਦ ਘਲੇ । ਅਤੇ ਉਹ ਪ੍ਰਭੂ ਦਾ ਨਾਮ ਲੈਕੇ ਉਹਨੂੰ ਤੇਲ ਝੱਸਣ ਅਤੇ ਉਹਦੇ ਲਈ ਪ੍ਰਾਰਥਨਾ ਕਰਨ ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਉਸ ਬੀਮਾਰ ਨੂੰ ਬਚਾਵੇਗੀ । ਅਤੇ ਪ੍ਰਭੂ ਉਹਨੂੰ ਉਠਾ ਖੜਾ ਕਰੇਗਾ । ਅਤੇ ਜੇ ਉਹਨੇ ਪਾਪ ਕੀਤੇ ਹੋਣ ਤਾਂ ਉਹਨੂੰ ਮਾਫ਼ ਕੀਤੇ ਜਾਣਗੇ । ਇਸ ਲਈ ਤੁਸੀਂ ਆਪੋ ਵਿੱਚੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇਕ ਦੂਏ ਲਈ ਪ੍ਰਾਰਥਨਾ ਕਰੋ ਭਈ ਤੁਸੀਂ ਨਰੋਏ ਹੋ ਜਾਓ (ਯਾਕੂਬ ੫:੧੪,੧੬) । ''ਉੱਚਾ ਹੋਣਾ ਨਾ ਤਾਂ ਚੜ੍ਹਦਿਓਂ ਨਾ ਲਹਿੰਦਿਓਂ ਅਤੇ ਨਾ ਉਜਾੜੋਂ ਆਉਂਦਾ ਹੈ । ਪਰ ਪਰਮੇਸ਼ੁਰ ਹੀ ਨਿਆਈ ਹੈ'' (ਜ਼ਬੂਰ ੭੫:੬,੭) ਪਰਮੇਸ਼ੁਰ ਨੇ ਇਸਰਾਈਲ ਦੇ ਪੁੱਤ੍ਰਾਂ ਨੂੰ ਇਹ ਆਗਿਆ ਦਿੱਤੀ, ਤੁਹਾਡੇ ਵਿੱਚ ਕੋਈ ਨਾ ਪਾਇਆ ਜਾਵੇ ਜਿਹੜਾ ਆਪਣੇ ਪੁੱਤ੍ਰ ਯਾ ਆਪਣੀ ਧੀ ਨੂੰ ਅੱਗ ਦੇ ਵਿੱਚ ਦੀ ਲੰਘਾਵੇ ਯਾ ਕੋਈ ਫ਼ਾਲ ਪਾਉਣ ਵਾਲਾ, ਪਹੂਰਤ ਵੇਖਣ ਵਾਲਾ, ਮੰਤਰੀ ਯਾ ਜਾਦੂਗਰ, ਝਾੜਾ ਫੂਕੀ ਕਰਨ ਵਾਲਾ, ਜਿੰਨਾਂ ਤੋਂ ਪੁੱਛਾਂ ਲੈਣ ਵਾਲਾ, ਦਿਓਆਂ ਦਾ ਯਾਰ ਯਾ ਭੂਤਣੀਆਂ ਦਾ ਕਢੱਣ ਵਾਲਾ । ਕਿਉਂਜੋ ਜਿਹੜਾ ਏਹ ਕੰਮ ਕਰੇ ਉਹ ਯਹੋਵਾਹ ਅੱਗੇ ਘਿਣਾਉਂਣਾ ਹੈ'' (ਬਿਵਸੱਥਾ ਸਾਰ ੧੮:੧੦-੧੨) ''ਬਾਹਰ ਹਨ ਜਾਦੂਗਰ, ਹਰਾਮਕਾਰ, ਖ਼ੂਨੀ, ਮੂਰਤੀ-ਪੂਜਕ ਅਤੇ ਹਰ ਕੋਈ ਜਿਹੜਾ ਝੂਠ ਨੂੰ ਪਸੰਦ ਕਰਦਾ ਅਤੇ ਕਮਾਉਂਦਾ ਹੈ ।'' (ਪਰਕਾਸ਼ ਦੀ ਪੋਥੀ ੨੨:੧੫) । ਤੁਸੀਂ ਆਤਮਾਵਾਂ ਯਾ ਕਿਸਮਤ ਦਸੱਣ ਵਾਲਿਆਂ ਵੱਲ ਪੁੱਛਣ ਲਈ ਉਹਨਾ ਨਾਲ ਪਾਪ-ਕਰਨ ਲਈ ਅਤੇ ਨਾਪਾਕ ਹੋਣ ਲਈ ਨਾ ਜਾਓ । ''ਮੈਂ ਪ੍ਰਭੂ ਤੁਹਾਡਾ ਪਰਮੇਸ਼ੁਰ ਹਾਂ'' (ਲੇਵੀਆਂ ੧੯:੩੧)

Copyright ANGP

"ਜਦ ਉਹ ਤੁਹਾਨੂੰ ਆਖਣ ਭਈ ਭੂਤ ਮਿੱਤ੍ਰਾਂ ਨੂੰ ਅਤੇ ਦਿਓ-ਯਾਰਾਂ ਨੂੰ ਜਿਹੜੇ ਸੁਰ ਸੁਰ ਅਤੇ ਬੁੜ ਬੁੜ ਕਰਦੇ ਹਨ ਪੁੱਛੋ, ਭਲਾ ਲੋਕ ਆਪਣੇ ਪਰਮੇਸ਼ੁਰ ਨੂੰ ਨਾ ਪੁੱਛਣ ? ਕੀ ਜੀਉਂਦਿਆ ਦੇ ਲਈ ਮੁਰਦਿਆਂ ਨੂੰ ਪੁੱਛੀਦਾ ਹੈ ? ਬਿਵ-ਸਥਾ ਦੇ ਸਾਖੀ ਨੂੰ ਜੇ ਉਹ ਏਸ ਬਚਨ ਅਨੁਸਾਰ ਨਾ ਆਖਣ ਤਾਂ ਸੱਚਮੁੱਚ ਉਨ੍ਹਾਂ ਲਈ ਪਹੁ ਨਾ ਫਟੇਗੀ" (ਯਸ਼ਾ ੮:੧੯,੨੦)

ਜਦ ਤੁਸੀਂ ਇਸ ਕਿਤਾਬ ਨੂੰ ਪੜ੍ਹ ਰਹੇ ਹੋ, ਪਰਮੇਸ਼ੁਰ ਤੁਹਾਡੇ ਨਾਲ ਬੋਲ ਰਿਹਾ ਹੈ । ਭਈ ਆਪਣਾ ਜੀਵਨ ਉਹਨੂੰ ਅਰਪਣ ਕਰੋ ਪਰੰਤੂ ਜਿਹੜੀ ਕਛੂਵੇ ਦੀ ਆਤਮਾ ਤੁਹਾਡੇ ਦਿਲ ਵਿੱਚ ਹੈ ਪਰਮੇਸ਼ੁਰ ਲਈ ਤੁਹਾਡੇ ਫੈਂਸਲੇ ਨੂੰ ਟਾਲਣ ਲਈ ਸਭ ਤਰ੍ਹਾਂ ਦੀਆਂ ਸਲਾਹਾਂ ਬਣਾਉਂਦੀ ਹੈ । ਅਤੇ ਤੁਹਾਡਾ ਦਿੱਲ ਡਰ ਨਾਲ ਭਰਨ ਦੀ ਕੋਸ਼ਿਸ਼ ਕਰਦੀ ਹੈ । ਜੇ ਮੈਂ ਅਸਲੀ ਮਸੀਹੀ ਬਣ ਗਿਆ ਤਾਂ ਮੇਰੇ ਲੋਕ, ਮੇਰੇ ਮਿੱਤ੍ਰ ਅਤੇ ਦੁਨੀਆਂ ਕੀ ਕਰੇਗੀ ? ਜੇ ਮੈਂ ਨਾਚ-ਪਾਰਟੀਆਂ ਅਤੇ ਦੁਨਿਆਵੀ ਮਨੋਰੰਜਨ ਵਿੱਚ ਹਿੱਸਾ ਨਾ ਲਵਾਂ ਤਾਂ ਕੀ ਹੋਵੇਗਾ । ਯੀਸ਼ੂ ਮਸੀਹ ਵਿੱਚ ਅਣਮਿੱਣ ਅਮੀਰੀ, ਉਹਦੀ ਅਜੀਬ ਸ਼ਾਂਤੀ, ਉਹਦੀ ਅਕੱਥ ਖੁਸ਼ੀ, ਉਹਦੀ ਮਹਿਮਾ, ਖੁਸ਼ੀ ਨਾਲ ਭਰਿਆ ਅਨੈਤਿਕ ਜੀਵਨ, ਵੇਖਣ ਦੇ ਸਿਵਾਏ ਤੁਸੀਂ ਉਹ ਸਾਰੀਆਂ ਚੀਜ਼ਾਂ ਵੇਖਣਾ ਸ਼ੁਰੂ ਕਰ ਦਿੰਦੇ ਹੋ । ਜਿਹੜੀਆਂ ਤੁਹਾਨੂੰ ਛਡਣੀਆਂ ਹਨ, ਜਦੋਂ ਤੁਸੀਂ ਮਸੀਹ ਨੂੰ ਆਪਣੇ ਦਿੱਲ ਵਿੱਚ ਆਉਣ ਦਿੰਦੇ ਹੋ । ਜਦੋਂ ਮਨੁੱਖ ਅਤੇ ਮੌਤ ਦਾ ਡਰ ਤੁਹਾਨੂੰ ਸ਼ੈਤਾਨ ਦੀ ਕੈਦ ਵਿੱਚ ਪਕੱੜ ਲੈਂਦਾ ਹੈ । "ਪਰੰਤੂ ਮਸੀਹ ਉਹਨਾਂ ਸੱਭਨਾਂ ਨੂੰ ਛੁਡਾਉਂਣ ਲਈ ਆਇਆ ਜਿਹੜੇ ਮੌਤ ਦੇ ਡਰ ਤੋਂ ਸਾਰੀ ਉਮਰ ਗੁਲਾਮੀ ਵਿੱਚ ਫਸੇ ਹੋਏ ਸਨ" (ਇਬ੦ ੨:੧੪,੧੫) ਟਾਲਮਟੋਲ ਕਰਨ ਦੀ ਆਤਮਾ ਤੁਹਾਡਾ ਦਿੱਲ ਸੱਖਤ ਕਰ ਰਹੀ ਹੈ । ਇਹੋ ਜਿਹਾ ਸਖੱਤ ਜਿਹਾ ਕਿ ਕਛੂਵੇ ਦੀ ਖੋਪੜੀ ।

(੫) **ਚੀਤਾ** :—ਇਹ ਬੜਾ ਖਤਰਨਾਖ ਅਤੇ ਜ਼ਾਲਮ ਜਾਨਵਰ ਹੈ । ਘਿਰਣਾ, ਗੁੱਸਾ ਅਤੇ ਇਕ ਬੁਰਾ ਸੁਭਾਓ ਅਕਸਰ ਮਨੁੱਖ ਦੇ ਦਿੱਲ ਉੱਤੇ ਰਾਜ ਕਰਦੇ ਹਨ । ਅਤੇ ਅਕਸਰ ਮਾਰ ਦੇਣ ਲਈ ਤਿਆਰ ਹਨ । ਤੁਸੀਂ ਆਪਣੇ ਉਸ ਬੁਰੇ ਸੁਭਾਓ ਤੇ ਕਾਬੂ ਪਾਉਣ ਲਈ ਪ੍ਰਬੰਧ ਕਰਨ ਲਈ ਭੀ ਕੋਸ਼ਿਸ਼ ਕਰ ਸਕਦੇ ਹੋ ਜਦ ਤਕ ਕਿ ਇਹਦਾ ਭਿਆਨਕਪਣ ਚੰਗੀ ਤਰਾਂ ਖਤੱਮ ਨਹੀਂ

Copyright ANCP

ਹੁੰਦਾ। ਇਸ ਤੋਂ ਇਹ ਕਹਿਣਾ ਭਲਾ ਹੈ ਭਈ ਇਹ ਤੁਹਾਡੇ ਦਿੱਲ ਵਿੱਚ ਹੈ। ਅਤੇ ਛੁਟਕਾਰੇ ਲਈ ਮਸੀਹ ਨੂੰ ਕਹੋ। "ਹੁਣ ਤੁਸੀਂ ਹਿਰਖ ਨਾ ਖਾਓ" (ਉਤਪਤ ੪੫:੫) "ਕ੍ਰੋਧ ਨੂੰ ਛੱਡ ਅਤੇ ਕੋਪ ਨੂੰ ਤਿਆਗ ਦੇ, ਨਾ ਕੁੜ੍ਹ ਉਸ ਤੋਂ ਬੁਰਿਆਈ ਹੀ ਨਿਕਲਦੀ ਹੈ। "ਗੁੱਸਾ ਨਿਰਦਈ ਅਤੇ ਕ੍ਰੋਧ ਇਕ ਹੜ੍ਹ ਹੈ, ਪਰ ਈਰਖਾ ਦੇ ਅੱਗੇ ਕੌਣ ਖਲੋ ਸਕਦਾ ਹੈ" (ਕਹਾਉਤਾਂ ੨੭:੪) "ਤੂੰ ਆਪਣੇ ਜੀ ਵਿੱਚ ਛੇਤੀ ਖਿੱਝ ਨਾ ਕਰ ਕਿਉਂਜੋ ਖਿੱਝ ਮੂਰਖਾਂ ਦੇ ਹਿਰਦੇ ਵਿੱਚ ਰਹਿੰਦੀ ਹੈ" (ਉਪਦੇਸ਼ਕ ਦੀ ਪੋਥੀ ੭:੯,੧੧:੧੦) ਸਾਰਾ ਕ੍ਰੋਧ ਕੱਢ ਦਿਓ" (ਕੁਲੁ0 ੩:੮)

ਬਹੁਤ ਡਰਪੋਕ ਮਨੁੱਖ ਕੋਈ ਬੁਰਾ ਕੰਮ ਕਰਨ ਲਈ ਯਾ ਬਦਲਾ ਲੈਣ ਲਈ ਆਪਣੇ ਆਪ ਨੂੰ ਦਿਲਾਸਾ ਦੇਣ ਵਾਸਤੇ ਸ਼ਰਾਬ ਪੀਂਦੇ ਹਨ। ਪਰੰਤੂ ਉਹਨਾਂ ਦੀ ਮਧ ਨਾਗਾਂ ਦਾ ਜ਼ਹਿਰ ਹੈ, ਅਤੇ ਸੱਪਾਂ ਦੀ ਤਿੱਖੀ ਵਿੱਸ(ਬਿਵਸਥਾ ਸਾਰ ੩੨:੩੩) ਇਕ ਪਾਪੀ ਨੂੰ ਬਦਲਾ ਲੈਣਾ ਮਿੱਠਾ ਲਗਦਾ ਹੈ ਪਰਤੂੰ ਪਰਮੇ-ਸ਼ੁਰ ਸਾਡਾ ਬਦਲਾ ਲੈਣ ਵਾਲਾ ਹੈ। ਯਿਸੂ ਨੇ ਆਖਿਆ, "ਆਪਣੇ ਪੜੋਸੀ ਨੂੰ ਆਪਣੇ ਜਿਹਾ ਪ੍ਰੇਮ ਕਰ ਆਪਣੇ ਦੁਸ਼ਮਨਾ ਨਾਲ ਆਪਣੇ ਜਿਹਾ ਪ੍ਰੇਮ ਕਰ। ਪਰਮੇਸ਼ੁਰ ਨੇ ਇਹ ਵਾਇਦਾ ਕੀਤਾ ਹੈ ਭਈ ਜੇ ਅਸੀਂ ਆਪਣੇ ਅਪਰਾਧੀਆਂ ਨੂੰ ਮਾਫ਼ ਕਰਦੇ ਹਾਂ ਤਾਂ ਉਹ ਸਾਡੇ ਅਪਰਾਧ ਮਾਫ਼ ਕਰੇਗਾ। ਇਕ ਮੱਠੀ ਅਤੇ ਬੁੱੜ ਬੁੱੜ ਕਰਨ ਵਾਲੀ ਆਤਮਾ ਤੋਂ ਭੀ ਉਹ ਬਿਘਣਾ ਕਰਦਾ ਹੈ। ਖੂਨ ਕਰਨ ਦਾ ਅਤੇ ਲੜ੍ਹਾਈ ਕਰਨ ਦਾ ਭੈੜਾ ਖ਼ਿਆਲ ਮਨੁੱਖ ਦੇ ਦਿੱਲ ਵਿੱਚ ਹੈ। ਇਸ ਲਈ ਸੱਚੀ ਸ਼ਾਤੀ ਭੀ ਮਨੁੱਖ ਦੇ ਦਿੱਲ ਵਿੱਚ ਕਾਇਮ ਹੋਣੀ ਚਾਹੀਦੀ ਹੈ।

**(੬) ਸੱਪ** :—ਇਹਨੇ ਅਦੱਨ ਦੇ ਬਾਗ ਵਿੱਚ ਹਵਾ ਨੂੰ ਧੋਖਾ ਦਿੱਤਾ ਅਤੇ ਪਰਮੇਸ਼ੁਰ ਨਾਲੋਂ ਮਿੱਠੀ ਸੰਗਤੀ ਅਤੇ ਮੇਲ ਤੋੜ ਦਿੱਤਾ। ਸ਼ੈਤਾਨ, ਸੁਰੱਗੋਂ ਸੁਟਿਆ ਦੂਤ ਅਣਖ ਨਾਲ ਹਵਾ ਅਤੇ ਆਦਮ ਦੇ ਵਿਰੁੱਧ ਹੋ ਗਿਆ ਸੀ। ਜਦੋਂ ਉਹਨੇ ਲੂਸੀਫਰ ਦੀ ਜਗ੍ਹਾ ਲੈਂਦੇ ਹੋਏ, ਪਰਮੇਸ਼ੁਰ ਨਾਲ ਪੂਰੀ ਏਕਤਾ ਵਿੱਚ ਰਹਿੰਦੇ ਹੋਏ, ਸਾਰੀ ਦੁਨੀਆਂ ਉੱਤੇ ਰਾਜ ਕਰਦੇ ਹੋਏ ਦੇਖਿਆ। ਅਣਖ ਤੋਂ ਬਾਹਰ ਸ਼ੈਤਾਨ ਨੇ ਉਹਨਾਂ ਦੇ ਨਾਸ ਦੀ ਸਕੀਮ ਸੋਚੀ ਅਤੇ ਉਹਨਾਂ ਦੇ ਪਰਮੇਸ਼ੁਰ ਨਾਲ ਅਜੀਬ ਮੇਲ ਅਤੇ ਜੀਵਨ ਖ਼ਤੱਮ ਕਰਨ ਵਿੱਚ ਸਫੱਲ ਹੋ

ਗਿਆ । ਉਹੀ ਸ਼ੈਤਾਨੀ ਅਣੱਖ ਅਤੇ ਈਰਖਾ ਮਨੁਖ ਦੇ ਦਿੱਲ ਵਿੱਚ, ਕੁੱਝ ਲੋਕਾਂ ਦੇ ਦਿੱਲ ਦੀ ਖੁਸ਼ੀ ਜਦੋਂ ਉਹਨਾਂ ਨੂੰ ਖੁਸ਼ ਅਤੇ ਸੁੱਖੀ ਰਹਿੰਦੇ ਵੇਖਦੇ ਹਨ, ਨਾਸ ਕਰ ਦਿੰਦੇ ਹਨ। "ਅਣਖ ਪਤਾਲ ਵਾਂਗੂ ਕਠੋਰ ਹੈ" (ਸ਼ਰੇਸ਼ਟ ਗੀਤ ੮:੬) ਇਹ ਦਿੱਲ ਵਿੱਚ ਦੂਜਿਆਂ ਦੀ ਖੁਸ਼ੀ ਖਤੱਮ ਕਰਨ ਲਈ ਬੁਰੇ ਵਿਚਾਰ ਲਿਆਉਂਦੀ ਹੈ ਅਤੇ ਖ਼ੂਨ ਭੀ ਕਰ ਸਕਦੀ ਹੈ। ਸ਼ਾਦੀਸ਼ੁਦਾ ਲੋਕਾਂ ਉੱਤੇ ਇਹ ਖਾਸ ਕਰਕੇ ਲਾਗੂ ਹੁੰਦੀ ਹੈ। ਕੰਮ ਵਿੱਚ ਅਤੇ ਜੀਵਨ ਦੇ ਸੱਭ ਦੂਜਿਆਂ ਮੌਕਿਆਂ ਵਿੱਚ ਇਹ ਅਕੱਥ ਦੁੱਖ ਅਤੇ ਘਿਰਣਾ ਦਾ ਕਾਰਣ ਬਣਦੀ ਹੈ। ਮਸੀਹੀ ਕਾਮੇ, ਪ੍ਰਚਾਰਕ ਅਤੇ ਸੇਵਕ ਭੀ ਇਹਦੇ ਹਮਲਿਆਂ ਤੋਂ ਨਹੀਂ ਬਚੇ ਹਨ । ਕੀ ਪਰਮੇਸ਼ੁਰ ਉਹਨਾਂ ਤੋਂ ਇਲਾਵਾ ਆਪਣੇ ਹੋਰ ਦਾਸਾਂ ਨੂੰ ਪ੍ਰਯੋਗ ਕਰੇਗਾ ? ਉਹ, ਖਬੱਰਦਾਰ ਹੋਣ ਲਈ ਅੰਤ ਪਰਮੇਸ਼ੁਰ ਦੇ ਉਸ "ਪ੍ਰਵਿੱਤ੍ਰ ਪ੍ਰੇਮ ਨਾਲ, ਜਿਹੜਾ ਪਵਿੱਤ੍ਰ ਆਤਮਾ ਨਾਲ ਸਾਡੇ ਦਿੱਲਾਂ ਵਿੱਚ ਕਾਫੀ ਬਹਾਇਆ ਗਿਆ ਹੈ", ਠੀਕ ਕਰਦੇ ਹਨ । ਤਾਂ ਜੋ ਏਸਾ ਨਾ ਹੋਵੇ ਭਈ ਉਹਨਾਂ ਦਾ ਪਰਮੇਸ਼ੁਰ ਲਈ ਉਪਯੋਗ ਅਤੇ ਉਹਨਾਂ ਦੀ ਸੇਵਾ ਅਣੱਖ ਦੀ ਸ਼ੈਤਾਨੀ ਆਤਮਾ ਨਾਲ ਮਿਲ ਜਾਵੇ ।

(੭) **ਡੱਡੂ** :—ਇਹ ਭੂਮੀ ਤੋਂ ਖਾਂਦਾ ਹੈ। ਇਹ ਲਾਲਚ ਅਤੇ ਦੌਲਤ ਦੇ ਪਿਆਰ ਜਿਹੜੀ ਕਿ ਸੱਭ ਬੁਰਾਈ ਦੀ ਜੜ੍ਹ ਹੈ (੧ ਤਿਮੋ੦ ੬:੧੦), ਦੇ ਪਾਪਾਂ ਬਾਰੇ ਬੋਲਦਾ ਹੈ। ਕਾਂਗੋ ਵਿੱਚ ਕੁੱਝ ਡੱਡੂ ਹਜਾਰਾਂ ਹੀ ਕੀੜੀਆਂ ਖਾਂਦੇ ਵੇਖਿਆ ਗਿਆ ਹੈ । ਜਿਨ੍ਹੀ ਦੇਰ ਤਕ ਉਹ ਪਾਟ ਅਤੇ ਮਰ ਨਹੀਂ ਜਾਂਦੇ। ਇਕ ਲਾਲਚੀ ਬੰਦਾ ਇਕ ਗਰੀਬ ਅਤੇ ਲੋੜਮੰਦ ਦੀ ਮਦਦ ਨਹੀਂ ਕਰਨਾ ਚਾਹੁੰਦਾ । ਪਰੰਤੂ ਸੱਭ ਈਮਾਨਦਾਰੀ ਅਤੇ ਬੇਈਮਾਨੀ ਦੇ ਤਰੀਕਿਆਂ ਨਾਲ, ਇਸ ਸੰਸਾਰ ਦੀ ਦੌਲਤ ਜਿਹੜੀ ਬਾਦ ਵਿੱਚ ਜੰਗਾਲ ਅਤੇ ਕੀੜੇ ਵਿਗਾੜਦੇ ਹਨ, ਨੂੰ ਇਕਠੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਯਿਸੂ ਨੇ ਖੁਦ ਆਖਿਆ, "ਆਪਣੇ ਲਈ ਧਰਤੀ ਉੱਤੇ ਧੰਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾ-ੜਦਾ ਹੈ। ਅਤੇ ਜਿੱਥੇ ਚੋਰ ਸੰਨ੍ਹ ਮਾਰਦੇ ਚੁਰਾਉਂਦੇ ਹਨ । ਪਰ ਸੁਰੱਗ ਵਿੱਚ ਆਪਣੇ ਲਈ ਧੰਨ ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਘਰ ਜਿੱਥੇ ਚੋਰ ਨਾ ਸਨ੍ਹ ਮਾਰਦੇ ਹਨ ਨਾ ਚਰਾਉਂਦੇ ਹਨ । ਕਿਉਂ ਜੋ ਜਿੱਥੇ ਤੇਰਾ ਧੰਨ ਹੈ ਉੱਥੇ ਤੇਰਾ ਮਨ ਭੀ ਹੋਵੇਗਾ" (ਮੱਤੀ ੬:੧੯-੨੨) ਆਕਾਨ ਅਤੇ

Copyright ANGP

ਉਹਦੇ ਘਰ ਵਾਲੇ ਨਾਸ ਹੋ ਗਏ ਕਿਉਂਜੋ ਉਹਨੇ ਸੋਨਾ ਅਤੇ ਚਾਂਦੀ ਅਤੇ ਮਹਿੰਗੇ ਪੱਥਰ ਅਤੇ ਕਪੜਿਆਂ ਨੂੰ ਪਿਆਰ ਕੀਤਾ (ਯਹੋਸ਼ੁਆ ੭) ਯਹੂਦਾ ਇਸਕਰਯੂਤੀ, ਜਿਹੜਾ ਯਿਸੂ ਮਸੀਹ ਦਾ ਚੇਲਾ ਸੀ ਆਪਣੇ ਅਪ ਨੂੰ ਫਾਂਸੀ ਦੇ ਦਿੱਤਾ ਕਿਉਂਜੋ ਪੈਸੈ ਦੇ ਪ੍ਰੇਮ ਨੇ, ਉਹਦੇ ਪ੍ਰਭੂ ਅਤੇ ਸਵਾਮੀ ਨੂੰ ਪਕੜਵਾਉਂਣ ਵਾਲਾ ਬਣਾ ਦਿੱਤਾ ਸੀ। ਦੌਲਤ ਬੁਰੀ ਨਹੀਂ ਹੈ ਨਾਹੀਂ ਸੋਨਾ, ਪਰੰਤੂ ਦੌਲਤ ਦਾ ਪਿਆਰ ਜਿਹੜਾ ਮਨੁੱਖ ਦੇ ਦਿੱਲ ਵਿੱਚ ਗੁੱਪਤ ਤੋਰ ਨਾਲ ਬੈਠਦਾ ਹੈ।

ਹਜਾਰਾਂ ਹੀ ਮਰਦ ਅਤੇ ਔਰਤਾਂ, ਸੱਭ ਵਰਗ ਅਤੇ ਜਾਤੀਆਂ ਦੇ ਜੂਆ ਖੇਲਣ ਨਾਲ ਅਤੇ ਸ਼ਰਤਾਂ ਲੌਣ ਨਾਲ, ਜਲਦੀ, ਵੱਡੀ ਦੌਲਤ ਬੁਰੇ ਵਿਚਾਰ ਨਾਲ ਪ੍ਰਾਪਤ ਕਰਨ ਲਈ ਅਪਣੇ ਜੀਵਨ ਅਤੇ ਆਪਣੇ ਖਾਨਦਾਨਾਂ ਦੇ ਜੀਵਨ ਨਾਸ ਕਰ ਰਹੇ ਹਨ। ਬਿਨਾ ਦੁੱਖ ਦੇ ਅਮੀਰ ਬਣਨ ਦੀ ਚਾਹ ਚੋਰੀ ਖੂਨ ਅਤੇ ਆਤਮ-ਹਤਿੱਆ ਕਰਾਉਂਦੀ ਹੈ। ਦੌਲਤ ਅਤੇ ਲਾਲਚ ਦੇ ਪ੍ਰੇਮ ਦੇ ਬਹੁਤ ਸਾਥੀ ਹੁੰਦੇ ਹਨ। ਜਿਵੇਂ ਮਸ਼ਹੂਰ ਹੋਣ ਦਾ ਪ੍ਰੇਮ ਅਤੇ ਸ਼ਕਤੀ ਦਾ ਪ੍ਰੇਮ, ਭਾਵੇਂ ਇਹ ਰਾਜਨੀਤਿਕ ਸ਼ਕਤੀ ਦੂਜਿਆਂ ਨੂੰ ਦਬਾਉਂਣ ਵਸਤੇ ਹੋਵੇ, ਭਾਵੇਂ ਵਿੱਤ ਸ਼ਕਤੀ ਗਰੀਬਾਂ ਨੂੰ ਦੱਬਣ ਲਈ ਹੋਵੇ। ਭਾਵੇਂ ਇਹ ਧਾਰਮਿਕ ਸ਼ਕਤੀ ਹੋਵੇ ਜਿਹਦੇ ਲਈ ਪਰਮੇਸ਼ੁਰ ਨਾਲੋਂ ਵੱਧ ਕਲੀਸਿਆ ਦੇ ਸੰਗਠਨ ਲਈ ਜੋਸ਼ੀਲੇ ਹੁੰਦੇ ਹੋਏ, ਕਿਸੀ ਸੰਤ ਨੂੰ ਸਜ਼ਾ ਦਿੰਦੇ ਹੋਏ ਹੋਵੇ ਜਿਹੜਾ ਕਿ ਬਿਨਾ ਮਸੀਹ ਦੀ ਖਾਸ ਕਲੀਸਿਆ ਦੇ ਸੰਬੰਧ ਕੀਤਿਆਂ ਉਹਦਾ ਚੇਲਾ ਬਣਨ ਦਾ ਹੌਂਸਲਾਂ ਕਰਦਾ ਹੈ। (ਮਰਕੁਸ ੯:੩੮) ਮਸੀਹ ਨੇ ਕਹਿਆ, "ਖਬੱਰਦਾਰ ਅਤੇ ਸਾਰੇ ਲੋਭ ਤੋਂ ਬਚੇ ਰਹੋ ਕਿਉਂ ਜੋ ਕਿਸੇ ਦਾ ਜੀਉਂਣ ਉਹਦੇ ਮਾਲ ਦੇ ਵਾਧੇ ਨਾਲ ਨਹੀਂ ਹੈ" (ਲੂਕਾ ੧੨:੧੫) ਅਮੀਰ ਮੂਰਖ ਦੀ ਕਹਾਣੀ ਇਸ ਤਰ੍ਹਾਂ ਦੀ ਹੈ। ਇਕ ਖਾਸ ਅਮੀਰ ਆਦਮੀ ਦੀ ਪੈਲੀ ਵਿੱਚ ਬੜੀ ਪੈਦਾਵਾਰ ਹੋਈ ਅਤੇ ਆਪਣੇ ਅਪ ਵਿੱਚ ਕਹਿਣ ਲਗਾ ਮੈਂ ਕੀ ਕਰਾਂ ? ਕਿਉਂ ਜੋ ਪੈਦਾਵਾਰ ਰੱਖਣ ਲਈ ਮੇਰੇ ਕੋਲ ਜਗ੍ਹਾ ਨਹੀਂ। ਅਤੇ ਮੈਂ ਇਹ ਕਰਾਂਗਾ ਕਿ ਆਪਣੀਆਂ ਕੋਠੀਆਂ ਢਾਹ ਕੇ ਵੱਡੀਆਂ ਬਣਵਾਂਗਾਂ ਤੇ ਉੱਥੇ ਮੈਂ ਆਪਣੀ ਪੈਦਾਵਾਰ ਅਤੇ ਸਾਮਾਨ ਰੱਖਾਂਗਾ। ਅਤੇ ਆਪਣੀ ਜਾਨ ਨੂੰ ਕਹਾਂਗਾ ਕਿ ਹੇ ਜਾਨ ਤੇਰੇ ਲਈ ਬਹੁਤ ਸਾਲਾਂ ਲਈ ਖਾਣ ਲਈ ਬਹੁਤ ਕੁਝ ਹੈ। ਚੈਨ ਕਰ, ਖਾ ! ਪੀ ! ਅਤੇ ਮੌਜ ਕਰ। ਪਰੰਤੂ ਪਰਮੇਸ਼ੁਰ ਨੇ ਉਹਨੂੰ ਆਖਿਆ ਘਰੇ ਮੂਰਖ ! ਇਸੀ ਰਾਤ ਤੇਰੀ ਜਾਨ

Copyright ANGP

ਤੇਰੇ ਕੋਲੋਂ ਲਈ ਜਾਵੇਗੀ ਫਿਰ ਇਹ ਚੀਜ਼ਾਂ ਕਿਹਦੀਆਂ ਹੋਣਗੀਆਂ ਜਿਹੜੀਆਂ ਤੇਰੇ ਕੋਲ ਹਨ । ਇਹੋ ਜਿਹਾ ਉਹ ਮਨੁੱਖ ਹੈ ਜਿਹੜਾ ਆਪਣੇ ਲਈ ਧੰਨ ਜੋੜਦਾ ਹੈ ਪਰ ਉਹ ਪਰਮੇਸ਼ੁਰ ਦੀ ਨਜ਼ਰ ਵਿੱਚ ਅਮੀਰ ਨਹੀਂ ਹੈ । (ਲੂਕਾ ੧੨:੧੬-੨੧) "ਇਨਸਾਨ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਤੇ ਆਪਣੀ ਜਾਨ ਦਾ ਨੁਕਸਾਨ ਕਰੇ (ਮਰਕੁਸ ੮:੩੬) "ਆਪਣੇ ਪ੍ਰਾਣਾਂ ਦੀ ਚਿੰਤਾ ਨਾ ਕਰੋ ਭਈ ਅਸੀਂ ਕੀ ਖਾਂਵਾਂਗੇ ਨਾ ਆਪਣੇ ਸ਼ਰੀਰ ਦੇ ਲਈ ਭਈ ਕੀ ਪਹਿਨਾਂਗੇ-... ... ... ... ... ... ... ਪਰੰਤੂ ਤੁਸੀਂ ਉਹਦੇ ਰਾਜ ਨੂੰ ਭਾਲੋ ਤਾਂ ਤੁਹਾਨੂੰ ਇਹ ਵਸਤਾਂ ਭੀ ਦਿੱਤੀਆਂ ਜਾਣਗੀਆਂ । ਕਿਉਂ ਜੋ ਜਿੱਥੇ ਤੁਹਾਡਾ ਧੰਨ ਹੈ ਉੱਥੇ ਹੀ ਤੁਹਾਡਾ ਮਨ ਭੀ ਹੋਵੇਗਾ । (ਲੂਕਾ ੧੨:੨੨-੩੪)

**(੮) ਸ਼ੈਤਾਨ** :—ਇਹ ਸਭ ਝੂਠਾ ਅਤੇ ਜਿਹੜੇ ਝੂਠ ਬਲਦੇ ਹਨ ਦਾ ਪਿਤਾ ਹੈ। ਭਿੰਨ ਭਿੰਨ ਪਾਪਾਂ ਨੂੰ ਉਭਾਦਦਾ ਹੈ ਅਤੇ ਦਿਲ ਤੇ ਰਾਜ ਕਰਦਾ ਹੈ । ਮਸੀਹ ਨੇ ਕਿਹਾ, "ਤੁਸੀਂ ਆਪਣੇ ਪਿਓ ਸ਼ੈਤਾਨ ਤੋਂ ਹੋ ਅਤੇ ਆਪਣੇ ਪਿਓ ਦੀਆਂ ਕਾਮਨਾਂ ਨੇ ਅਨੁਸਾਰ ਕਰਨਾ ਚਾਹੁੰਦੇ ਹੋ ਉਹ ਤਾਂ ਮੁੱਢੋਂ ਮਨੁੱਖ ਘਾਤਕ ਸੀ ਅਤੇ ਸਚਿਆਈ ਉੱਤੇ ਟਿਕਿਆ ਨਾ ਰਿਹਾ। ਕਿਉਂਕਿ ਉਸ ਵਿੱਚ ਸਚਿਆਈ ਹੈ ਨਹੀਂ । ਜਦ ਉਹ ਝੂਠ ਬੋਲਦਾ ਹੈ ਤਾਂ ਆਪਣੀਆਂ ਹੀ ਹਕਦਾ ਹੈ ਕਿਉਂਜੋ ਉਹ ਝੂਠਾ ਹੈ ਅਤੇ ਝੂਠ ਦਾ ਪਤੰਦਰ ਹੈ ।" (ਯੂਹੰਨਾ ੮:੪੪) ਇਕ ਛੋਟਾ ਝੂਠ ਇਕ ਵੱਡੇ ਝੂਠ ਵਾਂਙੂ ਬੁਰਾ ਹੈ । ਬਹੁਤ ਝੂਠ ਹਨ ਜਿਹੜੇ ਬੋਲੇ ਲਿਖੇ ਅਤੇ ਕੀਤੇ ਜਾਂਦੇ ਹਨ। ਇਕ ਕੱਪਟੀ ਝੂਠਾ ਹੈ ਕਿਉਂਜੋ ਉਹ ਜੋ ਕੁਝ ਨਹੀਂ ਹੈ ਹੋਣ ਦਾ ਬਹਾਨਾ ਕਰਦਾ ਹੈ । ਪਰਮੇਸ਼ੁਰ ਝੂਠ ਨਹੀਂ ਬੋਲਦਾ ਨਾਹੀ ਇਕ ਮਸੀਹੀ (ਤੀਤੁਸ ੧:੨) "ਜੇ ਅਸੀਂ ਆਖੀਏ ਭਈ ਸਾਡੀ ਉਹਦੇ ਨਾਲ ਸੰਗਤੀ ਹੈ ਅਤੇ ਚਲੀਏ ਹਨੇਰੇ ਵਿੱਚ ਤਾਂ ਅਸੀਂ ਝੂਠ ਮਾਰਦੇ ਹਾਂ ਅਤੇ ਸੱਤ ਉੱਤੇ ਨਹੀਂ ਚਲਦੇ ।" (੧ ਯੂਹੰਨਾ ੧:੬) "ਬਾਹਰ ਹਨ ਕੁੱਤੇ, ਜਾਦੂਗਰ, ਹਰਾਮਕਾਰ, ਖੂਨੀ, ਮੂਰਤੀ-ਪੂਜਕ, ਅਤੇ ਹਰ ਕੋਈ ਜਿਹੜਾ ਝੂਠ ਨੂੰ ਪਸੰਦ ਕਰਦਾ ਤੇ ਕਮਾਉਂਦਾ ਹੈ (ਪ੍ਰਕਾਸ਼੦ ੨੨-੧੫) ਪਰਮੇਸ਼ੁਰ ਝੂਠੇ ਗਵਾਹ ਅਤੇ ਝੂਠ ਮਾਰਨ ਵਾਲੇ ਤੋਂ ਘਿਰਣਾ ਕਰਦਾ ਹੈ। (ਕਹਾਉਂਤਾਂ ੬:੧੯)

**(੯) ਤਾਰਾ** :—ਹਰੇਕ ਮਨੁੱਖ ਦੇ ਵਿਵੇਕ ਦੀ ਗੱਲ ਕਰਦਾ ਹੈ । ਇਹ ਜਾਣਦੇ ਹੋਏ ਲਗਾਤਾਰ ਪਾਪ ਕਰਨ ਨਾਲ ਅਪਵਿੱਤ੍ਰ, ਬੁਰਾ ਅਤੇ ਸੰਭਵਤਾ

Copyright ANGP

ਮਾਰਿਆ ਹੋਇਆ ਹੈ। ਅੰਨ੍ਹਾ ਅਤੇ ਭਟਕਿਆ ਹੋਇਆ ਹੈ। ਕਦੀ ਕਦੀ ਚੁੱਪ ਰਹਿੰਦਾ ਹੈ ਅਤੇ ਕਦੀ ਕਦੀ ਦੁੱਖੀ। ਇਹ ਮਾਫ਼ ਕਰਨ ਵੇਲੇ ਦੋਸ਼ ਲਾਉਂਦਾ ਹੈ ਅਤੇ ਦੋਸ਼ ਲੈਣ ਵੇਲੇ ਮਾਫ਼ ਕਰਦਾ ਹੈ। ਇਹ ਤਪੇ ਹੋਏ ਲੋਹੇ ਦੀ ਤਰ੍ਹਾਂ ਝੁਲੱਸ ਗਿਆ ਹੈ। ਅਤੇ ਨਿਹਚਾ ਤੋਂ ਹਟ ਕੇ, ਭਟਕਾਉਂਣ ਵਾਲੀਆਂ ਆਤ-ਮਾਵਾਂ ਅਤੇ ਸ਼ੈਤਾਨ ਦਿਆਂ ਉਪਦੇਸ਼ਾ ਵਲ, ਧਿਆਨ ਦੇਕੇ, ਕੱਪਟ ਵਿੱਚ ਝੂਠ ਬੋਲਦੇ ਹੋਏ, ਸਾਰੀ ਸਮੱਝ ਅਤੇ ਅਨੁਭਵ ਖੋ ਬੈਠਾ ਹੈ (੧ ਤਿਮੋ0 ੪:੧,੨, ਇਬ0 ੧੦:੨੨)

**(੧੦) ਅੱਖ** :—ਪਰਮੇਸ਼ੁਰ ਦੀ ਅੱਖ ਜੋ ਕੁਝ ਦਿੱਲ ਵਿੱਚ ਹੁੰਦਾ ਹੈ ਸਭ ਕੁਝ ਵੇਖਦੀ ਹੈ। ਉਹਦੀ ਚਮੱਕਦੀ ਅੱਖ ਤੋਂ ਕੁਝ ਲੁੱਕ ਨਹੀਂ ਸਕਦਾ ਅਤੇ ਇਸ ਲਈ ਉਹ ਦਿੱਲ ਦੇ ਸੱਭ ਗੁਪੱਤ ਵਿਚਾਰ ਅਤੇ ਮਕੱਸਦ ਜਾਣਦਾ ਅਤੇ ਦੇਖਦਾ ਹੈ। ਭਾਵੇਂ ਤੁਸੀਂ ਕਾਲੀ ਰਾਤ ਵਿੱਚ ਬੁੱਰੇ ਕੰਮ ਕਰੋ, ਭਾਵੇਂ ਸੰਘਣੇ ਜੰਗਲ ਵਿੱਚ, ਭਾਵੇਂ ਡੂੰਘੇ ਤੋਂ ਡੂੰਘੇ ਟੋਏ ਵਿੱਚ ਯਾ ਭਝ ਵੀ ਹੋਵੇ, ਪਰਮੇਸ਼ੁਰ ਦੇਖਦਾ ਹੈ। (ਇਨ੍ਹਾਂ ਤਸਵੀਰਾਂ ਵਿੱਚ ਅੱਖ ਮਨੁੱਖ ਦੇ ਚੇਹਰੇ ਤੋਂ ਵੀ ਪਤਾ ਲਗਾ ਲੈਂਦੀ ਹੈ)

**(੧੧) ਅਗ ਦੀਆਂ ਛੋਟੀਆਂ ਜੀਭਾਂ** :—ਦਿੱਲ ਦੇ ਚੌਫੇਰੇ ਚਕੱਰ ਮਾਰ-ਦੀਆਂ ਹਨ ਅਤੇ ਪਾਪ-ਭਰੇ ਦਿੱਲ ਨੂੰ ਘੇਰਦੇ ਹੋਇਆਂ ਪਰਮੇਸ਼ੁਰ ਦਾ ਪ੍ਰੇਮ ਪੇਸ਼ ਕਰਦੀਆ ਹਨ। ਜਦ ਕਿ ਪਰਮੇਸ਼ੁਰ ਪਾਪ ਤੋਂ ਘਿਰੱਣਾ ਕਰਦਾ ਹੈ ਪਰ ਉਹ ਮਨੁੱਖ ਨਾਲ ਪ੍ਰੇਮ ਕਰਦਾ ਹੈ। ਅਤੇ ਪਾਪੀ ਦੀ ਮੌਤ ਨਹੀਂ ਚਾਹੁੰਦਾ ਪਰੰਤੂ ਇਹ ਭਈ ਉਹ ਤੌਬਾ ਕਰੇ ਅਤੇ ਜਿੰਦਾ ਰਹੇ। ਛੋਟੀਆਂ ਜੀਭਾਂ, ਯਿਸੂ ਮਸੀਹ, ਪਰਮੇਸ਼ੁਰ ਦਾ ਮੇਮਨਾ ਜਿਹੜਾ ਜਗੱਤ ਦੇ ਪਾਪ ਉੱਠਾ ਲੈ ਜਾਂਦਾ ਹੈ, ਦੇ ਲਹੂ ਬਾਰੇ ਭੀ ਬੋਲਦੀਆਂ ਹਨ।

**(੧੨) ਦੂਤ** :—ਪਰਮੇਸ਼ੁਰ ਦਾ ਬਚਨ ਪੇਸ਼ ਕਰਦਾ ਹੈ। ਪਰਮੇਸ਼ੁਰ ਵਹਿਮੀ ਅਤੇ ਪਾਪੀ ਲੋਕਾਂ ਨਾਲ ਬੋਲਣਾ ਚਾਹੁੰਦਾ ਹੈ ਤਾਂ ਜੋ ਤੌਬਾ ਕਰਨ ਅਤੇ ਪਰਮੇ-ਸ਼ੁਰ ਦਾ ਚਾਨਣ ਅਤੇ ਪ੍ਰੇਮ ਆਪਣੇ ਦਿੱਲ ਵਿੱਚ ਹਾਸਲ ਕਰਨ।

**(੧੩) ਕਬੂਤਰ** :—ਇਹ ਪਵਿੱਤ੍ਰ ਆਤਮਾ, ਇਕ ਸਚਾਈ ਦੀ ਆਤਮਾ ਜਿਹੜੀ ਕਿ ਪਾਪ ਅਤੇ ਧਾਰਮਿੱਕਤਾ ਅਤੇ ਨਿਆਂ ਦੇ ਬਾਰੇ ਦਸਦੀ ਹੈ, ਦਾ

Copyright ANCP

ਨਿਸ਼ਾਨ ਹੈ । ਇੱਥੇ ਪਵਿੱਤ੍ਰ-ਆਤਮਾ ਮਨੁੱਖ ਦੇ ਦਿੱਲ ਤੋਂ ਬਾਹਿਰ ਹੈ। ਇਹ ਜਿੱਥੇ ਪਾਪ ਰਾਜ ਕਰਦਾ ਹੈ ਨਹੀਂ ਵੱਸ ਸਕਦੀ।


ਕੀ ਇਹ ਦਿੱਲ ਦੀ ਤਸਵੀਰ ਤੁਹਾਡੇ ਦਿੱਲ ਦੀ ਦਸ਼ਾ ਨੂੰ ਦਸਦੀ ਹੈ। ਪ੍ਰਭੂ ਨੂੰ ਪੁਕਾਰੋ, ਉਹਦੇ ਲਈ ਆਪਣਾ ਦਿੱਲ ਖੋਲੋ ਅਤੇ ਉਹਦੇ ਬਚਨ ਦਾ ਚਾਨਣ ਉਹਦੇ ਵਿੱਚ ਹੋਣ ਦਿਓ। "ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰ ਅਤੇ ਤੂੰ ਨਜਾਤ ਪਾਵੇਂਗਾ।" ਪਰਮੇਸ਼ੁਰ ਚਾਹੁੰਦਾ ਹੈ, ਹਾਂ, ਉਹਨੇ ਤੁਹਾਡਾ ਦਿੱਲ ਬਦੱਲਣ ਲਈ ਅਤੇ ਨਵਾਂ ਦਿੱਲ ਅਤੇ ਉਹਦੇ ਵਿੱਚ ਨਵੀਂ ਆਤਮਾ ਦੇਣ ਲਈ ਵਾਇਦਾ ਕੀਤਾ ਹੈ। ਇਹਦੀ ਮਿਸਾਲ ਦੂਜੀ ਤਸਵੀਰ ਵਿੱਚ ਦਿੱਤੀ ਗਈ ਹੈ।

Copyright ANGP

## ਦੂਜੀ ਤਸਵੀਰ

ਇਹ ਤਸਵੀਰ ਤੌਬਾ ਕਰਨ ਵਾਲੇ ਦਿੱਲ ਦੀ ਹੈ ਜਿਹੜੀ ਕਿ ਪਰਮੇਸ਼ੁਰ ਨੂੰ ਖੋਜਣਾ ਸ਼ੁਰੂ ਕਰਦਾ ਹੈ। "ਦੂਤ ਤਲਵਾਰ ਨੂੰ, ਜਿਹੜੀ ਕਿ ਪਰਮੇਸ਼ੁਰ ਦਾ ਬਚਨ ਹੈ, ਜੀਉਂਦਾ ਅਤੇ ਗੁਣਕਾਰ ਹੈ ਅਤੇ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ। ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ, ਫੜ ਰਿਹਾ ਹੈ।" (ਇਬ० ੪:੧੨) ਪਰਮੇਸ਼ੁਰ ਦਾ ਬਚਨ ਉਹਨੂੰ ਯਾਦ ਕਰਾਉਂਦਾ ਹੈ ਭਈ ਪਾਪ ਦੀ ਮਜ਼ਦੂਰੀ ਮੌਤ ਹੈ।" ਅਤੇ "ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਗਿਆ ਹੈ ਅਤੇ ਉਹਦੇ ਪਿੱਛੋਂ ਨਿਆਉਂ ਹੁੰਦਾ ਹੈ।" (ਇਬ० ੯:੨੭) ਇਕ ਪਾਪੀ ਅਤੇ ਅਵਿਸ਼ਵਾਸੀ ਦਾ ਹਿੱਸਾ ਅੱਗ ਦੀ ਝੀਲ ਵਿੱਚ ਹੋਵੇਗਾ ਜਿਹੜੀ ਗੰਧਕ ਨਾਲ ਬਲਦੀ ਹੈ।

ਦੂਜੇ ਹੱਥ ਵਿੱਚ ਦੂਤ ਨੇ ਇਕ ਖੋਪੜੀ ਫੜੀ ਹੋਈ ਹੈ। ਇਹ ਪਾਪੀ ਨੂੰ ਯਾਦ ਕਰਾਉਂਦੀ ਹੈ ਭਈ ਅਸਾਂ ਸਭਨਾਂ ਨੇ ਮਰਨਾ ਹੈ। ਸਾਡਾ ਸ਼ਰੀਰ, ਜਿਹਦੇ ਨਾਲ ਅਸੀਂ ਏਨਾ ਪਿਆਰ ਕਰਦੇ ਹਾਂ ਕਿ ਕਪੜੇ ਦਿੰਦੇ ਹਾਂ, ਭੋਜਨ ਦਿੰਦੇ ਹਾਂ ਅਤੇ ਉਹਨੂੰ ਸੁੰਦਰ ਬਣਾਉਂਦੇ ਹਾਂ। ਅਤੇ ਲਾਲਚ




੨. ਬਦਲਦਾ ਹੋਇਆ ਦਿੱਲ

ਅਤੇ ਇਛੱਾਵਾਂ ਨੂੰ ਪੂਰਾ ਕਰਨ ਲਈ ਸੱਭ ਤਰ੍ਹਾਂ ਦਾ ਫਿਕਰ ਕਰਦੇ ਹਾਂ, ਮਰ ਰਿਹਾ ਅਤੇ ਨਾਸ ਹੋ ਰਿਹਾ ਹੈ। ਅਤੇ ਕੀੜੇ ਇਹਨੂੰ ਖਾ ਜਾਣਗੇ ਜਦ ਕਿ ਸਾਡੀ ਜਾਨ ਅਤੇ ਆਤਮਾ ਸਦਾ ਲਈ ਜਿੰਦਾਂ ਰਹਿਣਗੇ ਅਤੇ ਇਕ ਦਿੱਨ ਪਰਮੇਸ਼ੁਰ ਦੇ ਨਿਆਂ ਦੇ ਤਖੱਤ ਦੇ ਸਾਹਮਣੇ ਹਾਜ਼ਰ ਹੋਣਗੇ।

ਇਥੇ ਅਸੀਂ ਪਾਪੀ ਨੂੰ ਪਰਮੇਸ਼ੁਰ ਦੇ ਸੰਦੇਸ਼ ਉੱਤੇ ਧਿਆਨ ਦਿੰਦੇ ਹੋਏ, ਅਤੇ ਉਹਦੇ ਪ੍ਰੇਮ ਲਈ ਆਪਣਾ ਦਿੱਲ ਖੋਲਦੇ ਹੋਏ ਦੇਖਦੇ ਹਾਂ। ਪਵਿਤ੍ਰ-ਆਤਮਾ ਹਨੇਰੇ ਅਤੇ ਪਾਪੀ ਦਿੱਲ ਵਿੱਚ ਚਮਕਣਾ ਸ਼ੁਰੂ ਕਰਦਾ ਹੈ। ਪਰਮੇਸ਼ੁਰ ਦਾ ਚਾਨਣ ਸਾਰਾ ਹਨੇਰਾ ਦੂਰ ਕਰਨ ਲਈ ਆਪਣੀ ਹੈਕਲ ਵਿੱਚ ਵੜ੍ਹਦਾ ਹੈ। ਜਦੋਂ ਪਰਮੇਸ਼ੁਰ ਦਾ ਚਾਨਣ ਅੰਦਰ ਆਉਂਦਾ ਹੈ ਹਨੇਰੇ ਨੂੰ ਜਾਣਾ ਪੈਂਦਾ ਹੈ। ਉਹ ਪਾਪ ਜਿਹੜੇ ਭਿਨ ਭਿਨ ਜਾਨਵਰਾਂ ਦੁਆਰਾ ਪੇਸ਼ ਕੀਤੇ ਗਏ ਹਨ, ਜਾਣਾ ਪੈਂਦਾ ਹੈ। ਇਸ ਲਈ ਪਿਆਰੇ ਪਾਠਕ ਯਿਸੂ ਨੂੰ ਜਿਹੜਾ ਕਿ ਜਗਤ ਦਾ ਚਾਨਣ ਹੈ ਕਹੋ ਭਈ ਉਹ ਤੁਹਾਡੇ ਦਿੱਲ ਵਿੱਚ ਆਵੇ ਅਤੇ ਹਨੇਰਾ ਅਤੇ ਹਨੇਰੇ ਦੇ ਕੰਮ ਦਿੱਲ ਵਿੱਚੋਂ ਨਿਕਲ ਜਾਣਗੇ। ਜਿਹਾ ਕਿ ਤਸਵੀਰ ਵਿੱਚ ਦਸਿਆ ਗਿਆ ਹੈ। ਮਸੀਹ ਨੇ ਆਖਿਆ, "ਜਗੱਤ ਦਾ ਚਾਨਣ ਮੈਂ ਹਾਂ ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚਲੇਗਾ" (ਯੂਹੰਨਾ ੩:੧੨) ਤੁਸੀਂ ਹਨੇਰੇ ਨੂੰ ਆਪਣੇ ਦਿੱਲ ਵਿੱਚੋਂ, ਆਪਣੀ ਕੋਸ਼ਿਸ਼, ਆਪਣੀ ਬੁੱਧੀ ਯਾ ਦੂਜੇ ਮਨੁੱਖਾਂ ਦੀ ਬੁੱਧੀ ਨਾਲ, ਕਦੇ ਨਹੀਂ ਕੱਢ ਸਕਦੇ। ਸੱਭ ਤੋਂ ਸੌਖਾ, ਪੱਕਾ, ਛੇਤੀ ਅਤੇ ਅਧਿਕ ਪ੍ਰਭਾਵ ਕਰਨ ਵਾਲਾ ਕੇਵਲ ਇਕ ਹੀ ਤਰੀਕਾ ਹੈ ਭਈ ਯਿਸੂ ਨੂੰ ਜਿਹੜਾ ਕਿ ਚਾਨਣ ਹੈ ਅੰਦਰ ਆਉਂਣ ਦਿਓ। ਅਤੇ ਹਨੇਰਾ ਜੋ ਕਿ ਪਾਪ ਹੈ ਜਰੂਰ ਅਲੱਗ ਹੋ ਜਾਵੇਗਾ। ਚੰਦ ਅਤੇ ਤਾਰੇ ਹਨੇਰੀ ਰਾਤ ਵਿੱਚ ਸਾਡੀ ਥੋੜੀ ਮਦਦ ਕਰ ਸਕਦੇ ਹਨ। ਪਰੰਤੂ ਜਦੋਂ ਸੂਰਜ ਨਿਕਲ ਆਉਂਦਾ ਹੈ ਤਾਂ ਹਨੇਰਾ ਅਤੇ ਛੋਟੀਆਂ ਜੋਤੀਆਂ ਮਿਟ ਜਾਂਦੀਆਂ ਹਨ। ਯਿਸੂ ਧਾਰਮਿੱਕਤਾ ਦਾ ਸੂਰਜ ਹੈ। ਜਦੋਂ ਉਹ ਯਰੂਸ਼ਲੇਮ ਦੀ ਹੈਕਲ ਵਿੱਚ ਦਾਖਲ ਹੋਇਆ ਤਾਂ ਉਹਨੇ ਮੁੱਲ ਲੈਣ ਵਾਲੇ ਅਤੇ ਵੇਚਣ ਵਾਲਿਆਂ ਨੂੰ ਕੱਢ ਦਿੱਤਾ ਅਤੇ ਆਖਿਆ, ਮੇਰਾ ਘਰ ਪ੍ਰਾਰਥਨਾ ਦਾ ਘਰ ਸਦਾਵੇਗਾ ਪਰ ਤੁਸੀਂ ਉਹਨੂੰ ਡਾਕੂਆਂ ਦੀ ਖੋਹ ਬਣਾਉਂਦੇ ਹੋ" (ਮੱਤੀ ੨੧:੧੩)। ਤੁਹਾਡਾ ਦਿੱਲ ਪਰਮੇਸ਼ੁਰ ਦਾ ਘਰ ਅਤੇ ਹੈਕਲ ਹੋਣ

Copyright ANGP

ਲਈ ਮੁਕਰਰ ਕੀਤਾ ਗਿਆ ਹੈ । ਉਹ ਇਹਦੇ ਵਿੱਚ ਰਹਿਣਾ ਚਾਹੁੰਦਾ ਹੈ। ਸੁੰਦਰ ਬਣਾਉਂਣਾ ਚਾਹੁੰਦਾ ਹੈ ; ਚਾਨਣ, ਪ੍ਰੇਮ ਅਤੇ ਖੁਸ਼ੀ ਨਾਲ ਭਰਨਾ ਚਾਹੁੰਦਾ ਹੈ । ਯਿਸੂ ਕੇਵਲ ਸਾਡੇ ਪਾਪ ਮਾਫ਼ ਕਰਨ ਹੀ ਨਹੀਂ ਆਇਆ ਪਰੰਤੂ ਸਾਨੂੰ ਛੁਡਾਉਣ ਆਇਆ ਅਤੇ ਪਾਪ ਦੀ ਸ਼ਕਤੀ ਅਤੇ ਰਾਜ ਤੋਂ ਆਜ਼ਾਦ ਕਰਨ ਲਈ ਆਇਆ । "ਜੇ ਪੁੱਤ੍ਰ (ਯਿਸੂ) ਤੁਹਾਨੂੰ ਆਜ਼ਾਦ ਕਰੇ ਤਾਂ ਠੀਕ ਤੁਸੀਂ ਆਜ਼ਾਦ ਹੋਵੋਗੇ" (ਯੂਹੰਨਾ ੮:੩੬) ।

## ਤੀਸਰੀ ਤਸਵੀਰ

ਇਹ ਤਸਵੀਰ ਸਾਨੂੰ ਇਕ ਅਸਲੀ ਪਛਤਾਪੀ ਪਾਪੀ ਦੇ ਦਿੱਲ ਦੀ ਦਸ਼ਾ ਦਸੱਦੀ ਹੈ। ਹੁਣ ਉਹ ਆਪਣੇ ਬਹੁਤ ਸਾਰੇ ਪਾਪਾਂ ਦੀ ਮਹਾਨਤਾ ਅਤੇ ਡਰ ਦੇਖਦਾ ਹੈ ਜਿਹਦੇ ਲਈ ਯਿਸੂ ਸਲੀਬ ਉੱਤੇ ਮੋਇਆ । ਜਦੋਂ ਉਹ ਸਲੀਬ ਨੂੰ ਜਿਹੜੀ ਕਿ ਦੂਤਯਾ ਪਰਮੇਸ਼ੁਰ ਦਾ ਬਚਨ ਉਹਦੇ ਉੱਤੇ ਪ੍ਰਗਟ ਕਰਦਾ ਹੈ, ਦੇਖਦਾ ਹੈ ਤਾਂ ਉਹਦਾ ਪੱਥਰ ਜਿਹਾ ਦਿੱਲ ਟੁੱਟ ਜਾਂਦਾ ਹੈ । ਅਤੇ ਉਹ ਆਪਣੇ ਬਹੁਤ ਪਾਪਾਂ ਦੇ ਡੂੰਘੇ ਦਿੱਲ ਦੀ ਤੌਬਾ, ਅਤੇ ਦੁੱਖ ਦੁਆਰਾ ਹਿਲ ਜਾਂਦਾ ਹੈ । ਜਦ ਕਿ ਉਹ ਪਰਮੇਸ਼ੁਰ ਦਾ ਮਹਾਨ ਪ੍ਰੇਮ ਮਸੀਹ ਯਿਸੂ ਵਿੱਚ ਪ੍ਰਗਟ ਹੋਇਆ ਦੇਖਦਾ ਹੈ । ਤਾਂ ਇਹ ਪ੍ਰੇਮ ਉਹਦੇ ਦਿੱਲ ਨੂੰ ਪਿਘੱਲਾ ਦਿੰਦਾ ਹੈ । ਖਾਸ ਕਰਕੇ ਜਦ ਕਿ ਉਹ ਅਨੁਭਵ ਕਰਨਾ ਸ਼ੁਰੂ ਕਰ ਦਿੰਦਾ ਹੈ ਭਈ ਯਿਸੂ ਮਸੀਹ, ਪਰਮੇਸ਼ੁਰ ਦਾ ਪੁੱਤ੍ਰ ਉਹਦੇ ਬਹੁਤ ਸਾਰੇ ਪਾਪ ਦੂਰ ਕਰਨ ਲਈ ਆਇਆ । ਜਦ ਕਿ ਉਹ ਉਹਦੀ ਜਗ੍ਹਾ ਲਾਨਤੀ ਪੇੜ ਉੱਤੇ ਮਰਨਾ ਚਾਹੁੰਦਾ ਸੀ ।


ਇਸ ਹਕੀਕਤ ਦਾ, ਭਈ ਯਿਸੂ ਨੂੰ ਕੋੜੇ ਮਾਰੇ ਗਏ ਸੀ, ਕੰਡਿਆਂ ਦਾ ਤਾਜ ਪਹਿਨਾਇਆ ਗਿਆ ਸੀ, ਅਤੇ ਹੱਥਾਂ ਅਤੇ ਪੈਰਾਂ ਵਿੱਚ ਜ਼ਾਲਮ ਕਿੱਲ ਠੋਕੇ ਗਏ ਸਨ ਅਤੇ ਸਾਡੇ ਪਾਪਾਂ ਵਾਸਤੇ ਸਲੀਬ ਉੱਤੇ ਮਰ ਗਿਆ ਸੀ, ਸਾਫ ਸਾਫ ਅਤੇ ਚੰਗੀ ਤਰ੍ਹਾਂ ਤੌਬਾ ਕਰਨ ਵਾਲੇ ਪਾਪੀ ਨੂੰ ਪਤਾ ਲਗ ਗਿਆ । ਅਤੇ ਉਹਦੇ ਵਿੱਚ ਇਕ ਅੰਦੋਲਣ ਸ਼ੁਰੂ ਹੋ ਗਿਆ । ਜਦੋਂ ਉਹ ਪਰਮੇਸ਼ੁਰ ਦਾ ਬਚਨ

Copyright ANGP

ਪੜ੍ਹਦਾ ਹੈ ਜਿਹਦੇ ਵਿੱਚ ਭਈ ਉਹ ਆਪਣੇ ਆਪ ਨੂੰ ਸ਼ੀਸ਼ੇ ਦੀ ਭਾਂਤੀ ਦੇਖ ਸਕਦਾ ਹੈ । ਤਾਂ ਉਹ ਜ਼ਿਆਦਾ ਤੋਂ ਜ਼ਿਆਦਾ ਅਨੁਭਵ ਕਰਦਾ ਹੈ ਭਈ ਉਹ ਪਰਮੇਸ਼ੁਰ ਤੋਂ ਦੂਰ ਹੋ ਗਿਆ ਹੈ ਅਤੇ ਉਹਦੇ ਹੁਕਮਾਂ ਨੂੰ ਤੋੜਿਆ ਹੈ। ਗੱਮ ਅਤੇ ਬਹੁਤ ਦੁੱਖ ਉਹਦੇ ਉੱਤੇ ਚੜ੍ਹ ਜਾਂਦੇ ਹਨ ਅਤੇ ਜਦ ਉਹ ਰੋ ਰੋ ਕੇ ਪਰਮੇਸ਼ੁਰ ਦੇ ਸਾਹਮਣੇ ਆਪਣਾ ਦਿੱਲ ਰਖੱਦਾ ਹੈ। ਮਸੀਹ ਯਿਸੂ ਉਹਦੇ ਲਾਗੇ ਆਉਂਦੇ ਹਨ, ਪਰਮੇਸ਼ੁਰ ਦਾ ਪ੍ਰੇਮ ਅਤੇ ਸ਼ਾਂਤੀ, ਜਦ ਉਹ ਇਹ ਅਨੁਭਵ ਕਰਨਾ ਸ਼ੁਰੂ ਕਰ ਦਿੰਦਾ ਹੈ ਭਈ, ਯਿਸੂ ਮਸੀਹ ਦਾ ਲਹੂ ਸਾਨੂੰ ਸੱਭ ਪਾਪਾਂ ਤੋਂ ਸਾਫ਼ ਕਰਦਾ ਹੈ" (੧ ਯੂਹੰਨਾ ੧:੭) , ਉਹਦੇ ਦਿੱਲ ਵਿੱਚ ਦਾਖਲ ਹੁੰਦੀ ਹੈ। "ਯਹੋਵਾਹ ਟੁੱਟੇ ਦਿਲ ਵਾਲਿਆਂ ਦੇ ਨੇੜੇ ਹੈ। ਅਤੇ ਕੁਚਲਿਆਂ ਆਤਮਾਵਾਂ ਨੂੰ ਬਚਉਂਦਾ ਹੈ।" (ਜ਼ਬੂਰ ੩੪:੧੮) । ਫਿਰ ਪਰਮੇਸ਼ੁਰ ਦਾ ਬਚਨ ਕਹਿੰਦਾ ਹੈ, "ਮੈਂ ਅਜੇਹੇ ਜਨ ਉੱਤੇ ਨਿਗਾਹ ਰੱਖਾਂਗਾ, ਅਧੀਨ ਉੱਤੇ ਅਤੇ ਨਿਮਰ ਆਤਮਾ ਵਾਲੇ ਉੱਤੇ ਜੋ ਮੇਰੇ ਬਚਨ ਤੋਂ ਕੰਬ ਜਾਂਦਾ ਹੈ" (ਯਸਾ੦ ੬੬:੨) । ਪਵਿੱਤ੍ਰ-ਆਤਮਾ ਯਿਸੂ ਮਸੀਹ ਦੇ ਸ਼ਬਦ ਹੌਲੀ ਨਾਲ ਉਹਨੂੰ ਬੋਲਦਾ ਹੈ, "ਪੁੱਤ੍ਰ (ਪੁੱਤ੍ਰੀ) ਖੁਸ਼ੀ ਮਨਾ, ਤੇਰੇ ਪਾਪ ਮਾਫ਼ ਕੀਤੇ ਗਏ ਹਨ" ਜਦ ਕਿ ਉਹ ਅਜੇ ਤੱਕ ਸਲੀਬ ਉੱਤੇ ਦੇਖ ਰਿਹਾ ਹੈ ਅਤੇ ਉਹਦੇ ਉੱਤੇ ਬਹਾਏ ਗਏ ਯਿਸੂ ਦੇ ਲਹੂ ਨੂੰ ਇਹ ਵਿਸ਼ਵਾਸ਼ ਕਰਦੇ ਹੋਏ ਭਈ ਇਹ ਸਭ ਉਹਦੇ ਵਾਸਤੇ ਕੀਤਾ ਗਿਆ ਸੀ, ਉਹ ਇਹ ਅਨੁਭਵ ਕਰਨਾ ਸ਼ੁਰੂ ਕਰਦਾ ਹੈ ਭਈ ਪਾਪ ਦਾ ਭ਼ਾਰ ਦੂਰ ਹੋ ਗਿਆ ਹੈ, ਕਿਉਂਜੋ ਮਸੀਹ ਨੇ ਸਾਡੇ ਦੁੱਖਾਂ ਨੂੰ ਆਪਣੇ ਉੱਤੇ ਚੁੱਕ ਲਿਆ ਹੈ, ਕਿ, ਉਹ ਸਾਡੇ ਹੀ ਪਾਪਾਂ ਵਾਸਤੇ ਘਾਇਲ ਕੀਤਾ ਗਿਆ ਅਤੇ ਸਾਡੇ ਹੀ ਅਪਰਾਧਾਂ ਕਾਰਣ ਉਹ ਕੁਚਲਿਆ ਗਿਆ। ਕਿ ਪ੍ਰਭੂ ਨੇ ਸਾਡੇ ਸਭੱਨਾਂ ਦੇ ਅਪਰਾਧ ਉਹਦੇ ਉੱਤੇ ਲੱਦ ਦਿੱਤੇ ਹਨ (ਯਸਾ ੫੩)

ਪਵਿੱਤ੍ਰ-ਆਤਮਾ ਅਤੇ ਪਰਮੇਸ਼ੁਰ ਦਾ ਪ੍ਰੇਮ ਸ਼ੁੱਧ ਕੀਤੇ ਗਏ ਹਿਰਦੇ ਉੱਤੇ ਅਧਿਕਾਰ ਕਰ ਲੈਂਦਾ ਹੈ। ਜਦ ਕਿ ਉਹ ਸਲੀਬ ਅਤੇ ਯਿਸੂ ਨੂੰ ਨਿਹਚਾ ਨਾਲ ਦੇਖਦਾ ਹੈ, ਤਾਂ ਉਹ ਅਨੁੱਭਵ ਕਰਦਾ ਹੈ ਭਈ ਉਹਦੇ ਪਾਪ ਮਾਫ਼ ਹੋ ਗਏ ਹਨ । ਅਤੇ ਉਹਨੂੰ ਇਹ ਯਕੀਨ ਹੁੰਦਾ ਹੈ ਭਈ ਯਿਸੂ ਮਸੀਹ, ਪਰਮੇਸ਼ੁਰ ਦੇ

Copyright AMCP





੩. ਪਛਚਾਤਾਪੀ ਦਿੱਲ

ਪੁੱਤ੍ਰ ਨੇ ਉਹਨੂੰ ਸਭ ਪਾਪਾਂ ਤੋਂ ਸਾਫ਼ ਕਰ ਦਿੱਤਾ ਹੈ। ਹੁਣ ਉਹਨੂੰ ਇਹ ਯਕੀਨ ਹੈ **ਭਈ** ਉਹ ਜਿਹੜਾ ਉਹਦੇ ਉੱਤੇ ਨਿਹਚਾ ਕਰਦਾ ਹੈ ਨਾਸ ਨਹੀਂ ਹੋਵੇਗਾ ਸਗੋਂ ਅਨੰਤ ਜੀਵਨ ਪਾਵੇਗਾ (ਯੂਹੰਨਾ ੩:੧੬)। ਕਿਉਂ ਜੋ ਮਸੀਹ ਵਿੱਚ "ਸਾਨੂੰ ਉਹਦੇ ਲਹੂ ਦੇ ਦੁਆਰਾ ਨਿਸਤਾਰਾ, ਅਰਥਾਤ ਅਪਰਾਧਾਂ ਦੀ ਮਾਫ਼ੀ ਉਹਦੀ ਕਿਰਪਾ ਤੇ ਧਨ ਅਨੁਸਾਰ ਮਿਲਦੀ ਹੈ" (ਅਫ਼੦ ੧:੭) ਦੇਹ ਦੀਆਂ ਪਾਪ ਭਰੀਆਂ ਕਾਮਨਾਵਾਂ ਹੁਣ ਪਰਮੇਸ਼ੁਰ ਅਤੇ ਉਹਦੀ ਸੇਵਾ ਲਈ ਜੀਉਂਣਾ ਚਾਹੁੰਦੀਆਂ ਹਨ। "ਜਿਹਨੇ ਸਾਨੂੰ ਪਹਿਲੇ ਪ੍ਰੇਮ ਕੀਤਾ"। ਜਗੱਤ ਅਤੇ ਜਗੱਤ ਦੀਆਂ ਵਸਤਾਂ ਦੇ ਪਿਆਰ ਕਰਨ ਦੀ ਬਨਿੱਸਬਤ ਉਹ ਪਰਮੇਸ਼ੁਰ ਅਤੇ ਪਰਮੇ-ਸ਼ੁਰ ਦੀਆਂ ਵਸਤਾਂ ਨਾਲ ਪਿਆਰ ਕਰਦਾ ਹੈ।

ਇਸ ਲਈ ਇਸ ਤਸਵੀਰ ਵਿੱਚ ਅਸੀਂ ਜਾਨਵਰਾਂ ਨੂੰ ਪਾਪ ਦੇ ਬਾਰੇ ਬੋਲਦੇ ਹੋਏ ਪਾਉਂਦੇ ਹਾਂ। ਹੁਣ ਉਹ ਉਹਦੇ ਦਿੱਲ ਦੇ ਬਾਹਰ ਹਨ। ਬੇਸ਼ਕ ਸ਼ੈਤਾਨ, ਪਿੱਛੇ ਦੇਖਦੇ ਹੋਏ ਅਤੇ ਇਕ ਵਾਰੀ ਫਿਰ ਵੜ੍ਹਨ ਦੀ ਆਸ਼ਾ ਰਖੱਦੇ ਹੋਏ, ਆਪਣੀ ਪਹਿਲੀ ਜਗ੍ਹਾ ਛਡੱਣਾ ਨਹੀਂ ਚਾਹੁੰਦਾ ਹੈ।

## ਚੌਥੀ ਤਸਵੀਰ

ਇਹ ਤਸਵੀਰ ਇਕ ਮਸੀਹੀ ਦੇ ਬਾਰੇ ਬੋਲਦੀ ਹੈ ਜਿਹਨੇ ਸਾਡੇ ਪ੍ਰਭੂ ਯਿਸੂ ਮਸੀਹ ਦੀ ਕੁਰਬਾਨੀ ਦੁਆਰਾ ਪੂਰਣ ਸ਼ਾਂਤੀ ਅਤੇ ਛੁਟਕਾਰਾ ਪਾਇਆ ਹੈ। ਅਤੇ ਉਹ ਆਪਣੇ ਆਪ ਵਿੱਚ ਘਮੰਡ ਨਹੀਂ ਕਰਦਾ "ਬਿਨਾ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ ਜਿਹਦੇ ਰਾਹੀਂ ਸੰਸਾਰ ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ" (ਗਲਾ੦ ੬:੧੪) "ਮਸੀਹ ਸਲੀਬ ਉੱਤੇ ਇਸ ਲਈ ਮੋਇਆ ਭਈ ਅਸੀਂ ਭੀ ਪਾਪ ਦੀ ਵੱਲੋਂ ਮਰ ਕੇ ਧਰੱਮ ਦੀ ਵੱਲੋਂ ਜੀਵੀਏ" (੧ ਪਤਰਸ ੨:੨੪), ਸੰਸਾਰ ਦੀ ਵੱਲੋਂ ਕਰੂਸ ਕੀਤੇ ਗਏ ਮਸੀਹੀ। ਸਾਨੂੰ ਇਹ ਆਗਿਆ ਮਿਲੀ ਹੈ ਭਈ "ਆਤਮਾ ਵਿੱਚ ਚੱਲੋ ਅਤੇ ਸਰੀਰ ਦੀਆਂ ਕਾਮਨਾਵਾਂ ਨੂੰ ਪੂਰਾ ਨਾ ਕਰੋ" (ਗਲਾ੦ ੫:੧੬,੨੫)।




੪. ਮਸੀਹ ਨਾਲ ਕਰੂਸਿਤ ਦਿੱਲ

ਜਦੋਂ ਉਹਨਾਂ ਨੇ ਯਿਸੂ ਦੇ ਕਪੜੇ ਲਾਕੇ ਉਹਨੂੰ ਜਿਸ ਸਲੀਬ ਦੇ ਖੰਭੇ ਨਾਲ ਬੰਨਿਆ ਸੀ ਇਸ ਤਸਵੀਰ ਵਿੱਚ ਉਸ ਦਿੱਲ ਦੀ ਨਿਸ਼ਾਨੀ ਹੈ । ਜਿਨ੍ਹਾਂ ਨੇ ਪ੍ਰਭੂ ਯਿਸੂ ਨੂੰ ਮਾਰਿਆ ਅਤੇ ਕਰੂਰਤਾ ਨਾਲ ਕੋੜੇ ਮਾਰੇ। ਉਹਨੇ ਬਿਨਾ ਪਾਪਾਂ ਦੇ ਮਾਰ ਖਾਦੀ ਕਿਉਂਜੋ, "ਉਹਦੇ ਮਾਰ ਖਾਣ ਨਾਲ ਅਸੀਂ ਚੰਗੇ ਹੋ ਗਏ ਹਾਂ।" ਹੇਰੋਦੇਸ ਅਤੇ ਉਹਦੇ ਲੋਕਾਂ ਨੇ ਉਹਦੀ ਹੰਸੀ ਉੜਾਈ ਅਤੇ ਕੋੜੇ ਮਾਰਨ ਦੇ ਬਾਦ ਉਹਦੇ ਸਿਰ ਉੱਤੇ ਸੋਨੇ ਦਾ ਮੁਕੱਟ ਰਖੱਣ ਦੀ ਬਜਾਏ ਕੰਡਿਆ ਦਾ ਤਾਜ ਰੱਖ ਦਿੱਤਾ। ਅਤੇ ਉਹਦੇ ਸੱਜੇ ਹੱਥ ਵਿੱਚ ਰਾਜ-ਡੰਡ ਦੇਣ ਦੀ ਬਿਜਾਏ ਸਰਕੰਡਾ ਦੇ ਦਿੱਤਾ। ਅਤੇ ਉਹਦੇ ਸਾਹਮਣੇ ਝੁੱਕੇ ਅਤ ਮਖੌਲ ਕੀਤੇ। ਅਤੇ ਕਿਹਾ, "ਸਲਾਮ' ਯਹੂਦੀਆਂ ਦੇ ਬਾਦਸ਼ਾਹ, ਉਹਦੇ ਮੂੰਹ ਉੱਤੇ ਥੁੱਕਿਆ, ਉਹਦੇ ਕੋਲੋਂ ਸਰਕੰਡਾ ਲੈ ਲਿਆ ਅਤੇ ਉਹਦੇ ਸਿਰ ਉੱਤੇ ਮਾਰਿਆ । ਇਸ ਤਰ੍ਹਾਂ ਸ਼ਰਮਿੰਦਗੀ ਅਤੇ ਜ਼ਾਲਮ ਤਰੀਕੇ ਨਾਲ ਹੰਸੀ ਉਡਾਉਂਣ ਦੇ ਬਾਦ ਉਹਨੂੰ ਸਲੀਬ ਚੜਾਉਂਣ ਲਈ ਲੈ ਗਏ।

Copyright ANCP

ਇਹੋ ਜਿਹੇ ਬਹੁਤ ਸਾਰੇ ਮਸੀਹੀ ਹਨ ਜਿਹੜੇ ਗਿਰਜੇ ਵਿੱਚ ਦੁਆ ਕਰਦੇ ਹਨ; ਇਸ਼ਾਏ-ਰਬਾਨੀ ਵਿੱਚ ਹਿੱਸਾ ਲੈਂਦੇ ਹਨ, ਪਰਮੇਸ਼ੁਰ ਦੇ ਗੀਤ ਗਾਉਂਦੇ ਹਨ ਅਤੇ ਅਜੇ ਤਕ ਆਪਣੇ ਬੁੱਰੇ ਕੰਮਾਂ ਦੁਆਰਾ ਆਪਣੇ ਨਜਾਤ ਦੇਹਿੰਦਾ ਨੂੰ ਲਗਾਤਾਰ ਘੜੀ ਮੁੜੀ ਸਲੀਬ ਚੜਾਉਂਦੇ ਹਨ। ਉਹ ਹਰੇਕ ਜਿਹੜਾ ਮੈਨੂੰ ਪ੍ਰਭੂ ਪ੍ਰਭੂ ਆਖਦਾ ਹੈ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਨਹੀਂ ਹੋਵੇਗਾ। ਪਰੰਤੂ ਉਹ ਜਿਹੜਾ ਮੇਰੇ ਅਸਮਾਨੀ ਬਾਪ ਦੀ ਇੱਛਾ ਪੂਰੀ ਕਰਦਾ ਹੈ (ਮੱਤੀ ੭:੨੧-੨੭)

ਇਸ ਤਸਵੀਰ ਵਿੱਚ ਅਸੀਂ ਯਹੂਦਾ ਦੀ ਪੈਸਿਆਂ ਵਾਲੀ ਥੈਲੀ ਵੀ ਪਾਉਂਦੇ ਹਨ ਜਿਹਨੇ ਪ੍ਰਭੂ ਯਿਸੂ ਨੂੰ ਫੜਵਾ ਦਿੱਤਾ ਸੀ ਅਤੇ ਉਹਨੂੰ ੩੦ ਰੁਪਿਆਂ ਵਿੱਚ ਵੇਚ ਦਿੱਤਾ ਸੀ. ਕਿਉਂਜੋ ਪੈਸੇ ਦੇ ਲਾਲਚ ਨੇ ਉਹਦੇ ਦਿੱਲ ਨੂੰ ਫੱੜ ਲਿਆ ਸੀ ਅਤੇ ਉਹਦੇ ਮਨ ਨੂੰ ਅੰਨਿਆਂ ਕਰ ਦਿੱਤਾ ਸੀ । ਮਿਸ਼ਾਲਾਂ ਅਤੇ ਜੰਜੀਰਾਂ ਆਦ, ਉਹਨਾਂ ਸਿਪਾਈਆਂ ਨੇ ਜਿਨ੍ਹਾਂ ਯਿਸੂ ਨੂੰ ਰਾਤ ਦੇ ਵੇਲੇ ਕੈਦ

ਕੀਤਾ, ਪ੍ਰਯੋਗ ਕੀਤਾ। ਗੁਟੱਕਾ, ਜਿਹਦੇ ਨਾਲ ਅਕਸਰ ਲੋਕ ਜੂਆ ਖੇਡਦੇ ਹਨ, ਉਹਦੇ ਕੱਪੜਿਆਂ ਤੇ ਗੁਣਾ ਪਾਉਂਣ ਵੇਲੇ ਸਿਪਾਈਆਂ ਭੀ ਉਹਨੂੰ ਪ੍ਰਯੋਗ ਕੀਤਾ। ਪਰਮੇਸ਼ੁਰ ਦੇ ਬਚਨ ਦੀ ਭਵਿੱਖਬਾਣੀ ਪੂਰੀ ਹੋ ਗਈ। "ਉਹ ਮੇਰੇ ਕਪੜੇ ਆਪੋ ਵਿੱਚ ਵੰਡ ਲੈਂਦੇ ਹਨ, ਅਤੇ ਮੇਰੇ ਲਿਬਾਸ ਉੱਤੇ ਗੁਣਾ ਪਾਉਂਦੇ ਹਨ" (ਜਬੂਰ ੨੨:੧੮) ਉਹਨਾਂ ਨੇ ਯਿਸੂ ਪਾਸੋਂ ਸਭ ਕੁਝ ਲੈ ਲਿਆ ਪਰ ਉਹਦਾ ਇਨਕਾਰ ਕੀਤਾ ਅਤੇ ਕਿਹਾ, "ਅਸੀਂ ਨਹੀਂ ਚਾਹੁੰਦੇ ਭਈ ਇਹ ਮਨੁੱਖ ਸਾਡੇ ਉੱਤੇ ਰਾਜ ਕਰੇ"।

ਮਨੁੱਖ ਪਰਮੇਸ਼ੁਰ ਪਾਸੋਂ ਸੱਭ ਤਰ੍ਹਾਂ ਦੀਆਂ ਅਸ਼ੀਸ਼ਾਂ ਪ੍ਰਾਪਤ ਕਰਨਾ ਚਾਹੁੰਦੇ ਹਨ ਪਰੰਤੂ ਉਹ ਆਪਣੇ ਆਪ ਨੂੰ ਪਰਮੇਸ਼ੁਰ ਦੇ ਹੱਥਾਂ ਵਿੱਚ ਜਿਹੜਾ ਕਿ ਸਿਰਫ ਇਕ ਹੀ ਰਾਜਾ ਹੈ ਸੌਂਪਣਾ ਨਹੀਂ ਚਾਹੁੰਦੇ ਹਨ। ਬਹੁਤ ਲੋਕਾਂ ਲਈ ਕੇਵਲ ਪਰਮੇਸ਼ੁਰ ਹੀ ਉਹਨਾਂ ਦੇ ਦੁੱਖ ਅਤੇ ਚਿੰਤਾ ਵਿੱਚ ਮਦੱਦ ਕਰਨ ਵਾਲਾ ਹੈ।

ਸਿਪਾਈਆਂ ਨੇ ਬਰਛੀ ਨਾਲ ਉਹਦੀ ਵੱਖੀ ਵਿੰਨੀ ਅਤੇ ਉਵੇਂ ਹੀ ਲਹੂ ਅਤੇ ਪਾਣੀ ਨਿਕਲਿਆ (ਯੂਹੰਨਾ ੧੯:੩੩-੩੭) ਕੁਕੜ ਦੇ ਬਾਂਗ ਦੇਣ ਤੋਂ ਪਹਿਲਾਂ ਪਤੱਰਸ ਨੇ ਤਿੰਨ ਵਾਰ ਮਸੀਹ ਦਾ ਇਨਕਾਰ ਕੀਤਾ, ਪਰੰਤੂ ਬਾਦ ਵਿੱਚ ਬੜਾ ਰੋਇਆ ਅਤੇ ਤੋਬਾ ਕੀਤੀ। ਕੀ ਤੁਸੀਂ ਸ਼ਬਦ ਯਾ ਕੰਮ ਦੁਆਰਾ ਮਸੀਹ ਦਾ ਇਕਰਾਰ ਕਰ ਰਹੇ ਹੋ ? ਯਾ ਕੀ ਤੁਸੀਂ ਏਸਾ ਕਰਨ ਤੋਂ ਲੋਕਾਂ ਸਾਹਮਣੇ ਸ਼ਰਮਾਉਂਦੇ ਹੋ ? ਮਸੀਹ ਨੇ ਆਖਿਆ, "ਜਿਹੜਾ ਲੋਕਾਂ ਸਾਹਮਣੇ ਮੇਰਾ ਇਕਰਾਰ ਕਰੇਗਾ ਉਹਦਾ ਮੈਂ ਆਪਣੇ ਅਸਮਾਨੀ ਬਾਪ ਦੇ ਸਾਹਮਣੇ ਇਕ-ਰਾਰ ਕਰਾਂਗਾ। ਪਰੰਤੂ ਜਿਹੜਾ ਮੇਰਾ ਲੋਕਾਂ ਸਾਹਮਣੇ ਇਨਕਾਰ ਕਰੇਗਾ ਉਹਦਾ ਮੈਂ ਭੀ ਆਪਣੇ ਅਸਮਾਨੀ ਬਾਪ ਦੇ ਸਾਹਮਣੇ ਇਨਕਾਰ ਕਰਾਂਗਾ" (ਮੱਤੀ ੧੦:੩੨,੩੩)।

ਮਸੀਹ ਨੇ ਭੀ ਆਖਿਆ, "ਜੋ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਤੁਰੇ ਮੇਰੇ ਯੋਗ ਨਹੀਂ" (ਮੱਤੀ ੧੦:੩੮)। ਧੰਨ ਉਹ ਮਨੁੱਖ ਹਨ ਜਿਹੜੇ ਚੱਟਾਨ, ਮਸੀਹ ਯਿਸੂ ਉੱਤੇ ਖਲੋਂਦੇ ਹਨ।

Copyright ANGP


ਯਿਸੂ ਤੂੰ ਹੈਂ ਮੇਰੀ ਆਸ,
ਆਉਂਦਾ ਹਾਂ ਮੈਂ ਤੇਰੇ ਪਾਸ।
ਹਾਂ ਉਹ ਖੂਨ ਜੋ ਵਗੇ ਸਨ,
ਤੇਰੇ ਛਿਦੇ ਪਹਿਲੂ ਤੋਂ।
ਉਹ ਗੁਨਾਹ ਦੀ ਦਵਾ ਦਿਓ,
ਮੈਨੂੰ ਉਹਦੇ ਅਪਰਾਧ ਤੋਂ।

## ਪੰਜਵੀਂ ਤਸਵੀਰ

ਇਹ ਤਸਵੀਰ ਪਰਮੇਸ਼ੁਰ ਦੇ ਵੱਡੇ ਫਜ਼ਲ ਅਤੇ ਕਿਰਪਾ ਦੁਆਰਾ ਬਚਾਏ ਗਏ ਪਾਪੀ ਦੇ ਸਾਫ਼ ਅਤੇ ਪਵਿੱਤ੍ਰ ਕੀਤੇ ਗਏ ਦਿੱਲ ਨੂੰ ਦਸਦੀ ਹੈ। ਇਹ, ਪ੍ਰਭੂ ਯਿਸੂ ਦੇ ਵਾਇਦੇ ਅਨੁਸਾਰ ਪਰਮੇਸ਼ੁਰ ਪਿਤਾ, ਪੁੱਤ੍ਰ ਅਤੇ ਪਵਿਤ੍ਰ-ਆਤਮਾ ਦੀ ਹੈਕਲ ਬਣ ਗਈ ਹੈ, ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਬਚਨ ਦੀ ਪਾਲਣਾ ਕਰੇਗਾ। ਅਤੇ ਮੇਰਾ ਪਿਤਾ ਉਹਨੂੰ ਪਿਆਰ ਕਰੇਗਾ। ਅਸੀਂ ਉਹਦੇ ਕੋਲ ਆਵਾਂਗੇ ਅਰ ਉਹਦੇ ਨਾਲ ਵਾਸ ਕਰਾਂਗੇ (ਯੂਹੰਨਾ ੧੪:੨੩) ਪਰਮੇਸ਼ੁਰ ਯਿਸੂ ਮਸੀਹ ਦੁਆਰਾ ਮਨੁੱਖ ਨੂੰ ਅਸ਼ੀਸ਼ ਦਿੰਦਾ ਹੈ ਅਤੇ ਉੱਪਰ ਉਠਾਉਂਦਾ ਹੈ। (ਲੂਕਾ ੧:੫੨)

ਦਿੱਲ ਹੁਣ ਪਰਮੇਸ਼ੁਰ ਦੀ ਅਸਲੀ ਹੈਕਲ ਬਣ ਗਿਆ ਹੈ। ਪਾਪ ਦੂਰ ਕੀਤਾ ਗਿਆ ਹੈ। ਭਿੱਨ ਭਿੱਨ ਜਾਨਵਰਾਂ ਦੀ ਬਨਿੱਸਬਤ ਜਿਹੜੇ ਕਿ ਸ਼ੈਤਾਨ ਦੁਆਰਾ ਜਿਹੜਾ ਝੂਠ ਦਾ ਪਿਤਾ ਹੈ ਚਲਾਏ ਜਾਂਦੇ ਹਨ, ਅਸੀਂ ਪਵਿੱਤ੍ਰ-ਆਤਮਾ ਨੂੰ ਜਿਹੜੀ ਕਿ ਸਚਾਈ ਦੀ ਆਤਮਾ ਦਿੱਲ ਵਿੱਚ ਵਾਸ ਕਰਦੇ ਹੋਏ ਦੇਖਦੇ ਹਾਂ। ਪਾਪ ਦੀ ਘਿਰਣਿਤ ਜਗ੍ਹਾ ਹੋਣ ਦੀ ਬਜਾਏ ਦਿੱਲ, ਇਕ ਸੁੰਦਰ, ਫਲ-ਦਾਰ, ਆਤਮਾ ਦੇ ਫਲ-ਪ੍ਰੇਮ, ਖੁਸ਼ੀ, ਸ਼ਾਂਤੀ, ਨਮਰਤਾ, ਦੁਖ ਸਹਿਣਾ, ਸ਼ਰਾਫ਼ਤ, ਇੱਛਾਈ, ਨਿਹੱਚਾ, ਹਲੀਮੀ ਅਤੇ ਜੋ ਕੁਝ ਪਰਮੇਸ਼ੁਰ ਅਤੇ ਮਨੁੱਖਾਂ ਨੂੰ ਪਸੰਦ ਹੈ, ਬਣ ਗਿਆ ਹੈ। ਹੁਣ ਉਹ ਇਕ ਸੱਚੀ ਦਾਖਲਤਾ, ਸਾਡੇ ਪ੍ਰਭੂ ਯਿਸੂ ਮਸੀਹ ਦੀ ਫਲਦਾਇਕ ਸ਼ਾਖਾ ਬਣ ਗਿਆ ਹੈ। ਅਤੇ ਉਹਦੇ ਸ਼ਬਦ ਉਹਦੇ ਵਿੱਚ ਵੱਸਦੇ ਹਨ (ਯੂਹੰਨਾ ੧੫:੧-੧੦) ਜਦ ਉਹ ਪਵਿੱਤ੍ਰ-ਆਤਮਾ ਨਾਲ

Copyright ANGP




੫. ਸਾਫ ਅਤੇ ਪਵਿੱਤ੍ਰ ਦਿੱਲ

ਭਰ ਜਾਂਦਾ ਹੈ ਅਤੇ ਬਪਤਿਸਮਾ ਲੈ ਲੈਂਦਾ ਹੈ ਤਾਂ ਉਹ ਦੇਹ ਅਤੇ ਦੇਹ ਦੀਆਂ ਕਾਮਨਾਵਾਂ ਉੱਤੇ ਵਿਜੈ ਪਾਉਂਦਾ ਹੈ ਅਤੇ ਪੁਰਾਣੀ ਜਿੰਦਗੀ ਨੂੰ ਖਤੱਮ ਕਰ ਦਿੰਦਾ ਹੈ। ਪਵਿੱਤ੍ਰ-ਆਤਮਾ ਦੀ ਸ਼ਕਤੀ ਦੁਆਰਾ ਉਹ ਆਤਮਾ ਵਿੱਚ ਚਲੱਣ ਦੇ ਅਤੇ ਦੇਹ ਉੱਤੇ ਵਿਜੈ ਪਾਉਂਣ ਦੇ ਯੋਗ ਹੋ ਜਾਂਦਾ ਹੈ। ਉਹ ਜੋ ਕੁਝ ਦੇਖਦਾ, ਸੁਣਦਾ ਯਾ ਅਨੁਭਵ ਕਰਦਾ ਹੈ ਉਹਦੇ ਨਾਲ ਹੀ ਨਹੀਂ ਜੀਉਂਦਾ ਪਰੰਤੂ ਨਿਹਚਾ ਨਾਲ ਜੀਉਂਦਾ ਹੈ। ਕਿਉਂਜੋ ਮਸੀਹ ਵਿੱਚ ਜੋ ਨਿਹਚਾ ਹੈ ਉਹ ਜਿੱਤ ਹੈ ਜਿਹੜੀ ਸੰਸਾਰ ਉੱਤੇ ਵਿਜੈ ਪ੍ਰਾਪਤ ਕਰਦੀ ਹੈ। ਉਹ ਪੱਕੀ ਅਤੇ ਜਿੰਦਾ ਆਸ਼ਾ ਦੁਆਰਾ ਜੀਉਂਦਾ ਹੈ। ਅਤੇ ਪਰਮੇਸ਼ੁਰ ਦੀ ਮਹਿਮਾ ਵਾਲੀ ਆਸ਼ਾ ਜਿਹੜੀ ਅਬਦ ਤਕ ਰਹਿੰਦੀ ਹੈ, ਦੁਆਰਾ ਸ਼ਕਤੀ ਪ੍ਰਾਪਤ ਕਰਦਾ ਹੈ।

"ਧੰਨ ਉਹ ਹਨ ਜਿਹੜੇ ਦਿੱਲ ਦੇ ਸਾਫ਼ ਹਨ, ਕਿਉਂਜੋ ਉਹ ਪਰਮੇਸ਼ੁਰ ਨੂੰ ਦੇਖਣਗੇ" (ਮੱਤੀ ੫:੮) ਰਾਜਾ ਦਾਊਦ ਨੇ, ਧਨੀ ਅਤੇ ਬਾਹਰੀ ਦੁਸ਼ਮਣਾਂ ਤੇ ਵਿਜੱਈ ਹੁੰਦੇ ਹੋਏ ਭੀ ਜਾਣਿਆ ਭਈ ਇਕ ਬਹੁਤ ਵੱਡਾ ਯੁੱਧ ਉਹਦੇ ਆਪਨੇ ਮਨ ਵਿੱਚ ਉੱਠ ਰਿਹਾ ਸੀ। ਅਤੇ ਆਪਣੀ ਅੰਦਰੂਨੀ ਜ਼ਰੂਰਤ ਅਨੁ-ਭਵ ਕਰ ਰਿਹਾ ਸੀ, ਉਹਨੇ ਦੁਆ ਕੀਤੀ, "ਹੇ ਪਰਮੇਸ਼ੁਰ ਮੇਰੇ ਲਈ ਇਕ ਪਾਕ ਮਨ ਉਤੱਪਨ ਕਰ, ਅਤੇ ਮੇਰੇ ਅੰਦਰ ਨਵੇਂ ਸਿਰ ਤੋਂ ਸਥਿਰ ਆਤਮਾ ਵੀ" (ਜਬੂਰ ੫੧:੧੦) ਕੋਈ ਭੀ ਮਨੁੱਖ ਆਪਣੇ ਦਿੱਲ ਨੂੰ ਸਾਫ਼ ਯਾ ਆਪਣੇ ਅੰਦਰ ਸਾਫ਼ ਦਿੱਲ ਪੈਦਾ ਨਹੀਂ ਕਰ ਸਕਦਾ ਜਦ ਤਕ ਕਿ ਉਹ ਦਾਊਦ ਵਾਂਙੂ ਪਰਮੇਸ਼ੁਰ ਦੇ ਸਾਹਮਣੇ ਸੱਚੀ ਤੌਬਾ ਨਹੀਂ ਕਰ ਲੈਂਦਾ ਇਹ ਕਹਿੰਦੇ ਹੋਏ ਭਈ ਪਰਮੇਸ਼ੁਰ ਉਹਦੇ ਵਿੱਚ ਨਵਾਂ ਦਿੱਲ ਪੈਦਾ ਕਰ ਦੇ। ਪਰਮੇਸ਼ੁਰ ਤੁਹਾਡੀ ਜਿੰਦਗੀ ਵਿੱਚ ਕੋਈ ਨਵਾਂ ਕੰਮ ਕਰਨਾ ਚਾਹੁੰਦਾ ਹੈ। ਤੁਹਾਡੀ ਧਾਰਮਿੱਕਤਾ ਦੇ ਫਟੇ ਪੁਰਾਣੇ ਕਪੜਿਆਂ ਤੇ ਖਾਲੀ ਵਾਇਦੇ ਅਤੇ ਕਸਮਾਂ ਨਾਲ ਗਾਂਡੇ ਲਾਉਂਣ ਨਾਲ ਤੁਹਾਡਾ ਦਿੱਲ ਪਰਮੇਸ਼ੁਰ ਦੇ ਯੋਗ ਨਿਵਾਸ ਨਹੀਂ ਬਣੇਗਾ। ਉਹਦੀ ਮਰਜੀ ਕੇਵਲ ਤੁਹਾਡੀ ਮਦਦ ਕਰਨਾ ਹੈ। ਕਿਉਂ ਜੋ ਇਹ ਉਹ ਹੈ ਜਿਨ੍ਹੇ ਵਾਇਦਾ ਕਰਕੇ ਆਖਿਆ, "ਤਦੋਂ ਤੁਹਾਡੇ ਉੱਤੇ ਨਿਰਮਲ ਜਲ ਛਿੜ੍ਹਕਾਂਗਾ ਅਤੇ ਤੁਸੀਂ ਸ਼ੁੱਧ ਹੋਵੋਗੇ। ਅਤੇ ਮੈਂ ਤੁਹਾਨੂੰ ਤੁਹਾਡੀ ਸਾਰੀ ਅਸ਼ੁੱਧਤਾਈ ਤੋਂ ਅਤੇ ਤੁਹਾਡੀਆਂ ਸਾਰੀਆਂ ਮੂਰਤੀਆਂ ਤੋਂ ਤੁਹਾਨੂੰ ਸ਼ੁਧ ਕਰਾਂਗਾ। ਅਤੇ ਮੈਂ ਤੁਹਾਨੂੰ ਨਵਾਂ ਦਿੱਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ। ਅਤੇ ਤੁਹਾਡੀ ਦੇਹ

Copyright ANGP

ਵਿੱਚੋਂ ਪਥੱਰ ਦਾ ਦਿੱਲ ਕੱਢ ਲਵਾਂਗਾ ਅਤੇ ਮਾਸ ਦਾ ਦਿੱਲ ਤੁਹਾਨੂੰ ਬਖਸ਼ਾਂਗਾ। ਅਤੇ ਮੈਂ ਆਪਣਾ ਆਤਮਾ ਤੁਹਾਡੇ ਵਿੱਚ ਦਿਆਂਗਾ ਅਤੇ ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ ਅਤੇ ਤੁਸੀਂ ਮੇਰੇ ਨਿਯਮਾਂ ਦੀ ਪਾਲਨਾ ਕਰੋਗੇ ਅਤੇ ਉਨ੍ਹਾਂ ਤੇ ਅਮਲ ਕਰੋਗੇ'' (ਹਿਜ਼ ੩੬:੨੫-੨੭) ਇਹ ਨਵੇਂ ਨੇਮ ਦਾ ਅਰਥ ਹੈ ਜਿਹਦੀ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਯਿਸੂ ਮਸੀਹ ਦੇ ਲਹੂ ਨਾਲ ਛਾਪ ਕੀਤੀ ਹੈ।

ਇਸ ਤਸਵੀਰ ਵਿੱਚ ਅਸੀਂ ਦੂਤ ਨੂੰ ਦੁਬਾਰਾ ਪ੍ਰਗਟ ਹੁੰਦੇ ਭੀ ਦੇਖਦੇ ਹਾਂ। ਜਿਹੜੇ ਅਨੰਤ ਜੀਵਨ ਪ੍ਰਾਪਤ ਕਰਦੇ ਹਨ ਉਹਨਾਂ ਦੀ ਸੇਵਾ ਲਈ ਦੂਤ ਨਿਯੁਕਤ ਕੀਤੇ ਜਾਂਦੇ ਹਨ ਅਤੇ ਜਿਹੜੇ ਉਸ ਥੋਂ ਡਰਦੇ ਹਨ ਉਹਨਾਂ ਦੇ ਚੌਫੇਰੇ ਤੰਬੂ ਲਗਾਉਂਦੇ ਹਨ (ਜਬੂਰ ੩੪:੭,੯੧:੧੧; ਦਾਨੀ੦ ੬:੨੨; ਮੱਤੀ ੨:੧੩, ੧੩:੧੯,੧੮:੧੦; ਰਸੂਲਾਂ ਦੇ ਕਰਤੱਬ ੫:੧੯,੧੨:੭-੧੦)

ਸ਼ੈਤਾਨ ਵੀ ਇਸ ਤਸਵੀਰ ਵਿੱਚ ਦਿੱਲ ਦੇ ਲਾਗੇ ਖੜ੍ਹਾ ਨਜ਼ਰ ਆਉਂਦਾ ਹੈ। ਲਗਦਾ ਹੈ ਭਈ ਉਹ ਆਪਣੀ ਪਹਿਲੀ ਜਗ੍ਹਾ ਤੇ ਜਾਣ ਲਈ ਮੌਕਾ ਢੂੰਡਦਾ ਹੈ। ਇਸ ਲਈ ਸਾਨੂੰ ਜਾਗਣ ਲਈ ਅਤੇ ਪ੍ਰਾਰਥਨਾ ਕਰਨ ਲਈ ਚਿਤੌਨੀ ਦਿੱਤੀ ਗਈ ਹੈ ਕਿਉਂਜੋ, ''ਤੁਹਾਡਾ ਵਿਰੋਧੀ ਸ਼ੈਤਾਨ ਬੁਕਦੇ ਸ਼ੀਂਹ ਵਾਂਙੂ ਭਾਲਦਾ ਫਿਰਦਾ ਹੈ ਭਈ ਕਿਹਨੂੰ ਪਾੜ ਖਾਵਾਂ (੧ ਪਤ੦ ੫:੮) ਬਹੁਤ ਵਾਰੀ ਉਹ ਚਾਨਣ ਦੇ ਦੂਤ ਦੀ ਨਾਈਂ ਬਦਲ ਜਾਂਦਾ ਹੈ; ਭਈ ਉਹ ਸੰਸਾਰੀ ਲਾਲਚਾਂ ਨਾਲ ਬੇਖਬਰ ਸੰਤਾਂ ਨੂੰ ਛੱਲ ਜਾਵੇ ਅਤੇ ਆਪਣੀ ਚਲਾਕੀ ਨਾਲ ਚੁਣਿਆ ਹੋਇਆਂ ਨੂੰ ਧੋਖਾ ਦੇ ਦੇਵੇ। ਜੇ ਅਸੀਂ, ਸ਼ੈਤਾਨ ਦਾ ਸਾਹਮਣਾ ਕਰੀਏ ਤਾਂ ਉਹ ਸਾਡੇ ਕੋਲੋਂ ਭੱਜ ਜਾਵੇਗਾ (ਯਾਕੂਬ ੪:੭)

## ਛੇਵੀਂ ਤਸਵੀਰ


ਇਹ ਇਕ ਉਸ ਮਨੁੱਖ ਦੀ ਭੈੜੀ ਤਸਵੀਰ ਹੈ ਜਿਹੜਾ ਵਿਸ਼ਵਾਸ ਵਿੱਚ ਪਿੱਛੇ ਰਹਿ ਜਾਂਦਾ ਹੈ। ਇਕ ਅੱਖ ਬੰਦ ਹੋ ਰਹੀ ਹੈ। ਇਹ ਦਰਸ਼ਾਉਂਦੀ ਹੋਈ ਭਈ ਉਹਦੀ ਮਸੀਹੀ ਜਿੰਦਗੀ ਕਮਜ਼ੋਰ ਹੋ ਰਹੀ ਹੈ। ਜਦ ਕਿ ਦੂਸਰੀ ਅੱਖ, ਸੰਸਾਰ ਨਾਲ ਪਿਆਰ ਕਰਦੀ ਹੋਈ, ਬੇਸ਼ਰਮੀ ਨਾਲ ਇਧੱਰ ਉਧੱਰ ਵੇਖਦੀ

Copyright ANGP

ਹੈ । ਅੰਦਰ ਦਾ ਚਾਨਣ ਧਿੱਮਾ ਪੈ ਰਿਆ ਹੈ। ਅਤੇ ਉਹਦਾ ਦਿੱਲ ਜਿਹੜਾ ਕਿ ਮਸੀਹ ਨਾਲ ਦੁੱਖ ਉਠਾਣ ਲਈ ਹਰ ਦੱਮ ਤਿਆਰ ਰਹਿੰਦਾ ਸੀ, ਖਤੱਮ ਹੋ ਗਿਆ ਹੈ । ਉਹ ਪ੍ਰੀਖੀਆਵਾਂ ਨਾਲ ਘਿਰਿਆ ਹੋਇਆ ਹੈ ਜਿਹਨਾਂ ਨੂੰ ਰੋਕਣ ਦੀ ਜਗ੍ਹਾ ਹੌਲੀ ਹੌਲੀ ਉਹਨਾਂ ਦੇ ਥੱਲੇ ਆ ਰਿਹਾ ਹੈ। ਪਰਮੇਸ਼ੁਰ ਦੀ ਆਵਾਜ਼ ਸੁਣਨ ਦੀ ਬਿਜਾਏ ਪ੍ਰੀਖੀਆ ਲੈਣ ਵਾਲੇ ਦੀ ਪੂਰਣ ਸਲਾਹਾਂ ਅਤੇ ਖਾਲੀ ਵਾਇਦਿਆਂ ਨੂੰ ਹੁਣ ਸੁਣਦਾ ਹੈ। ਧਰੱਮ ਦੇ ਬਹਾਨੇ ਸੰਸਾਰੀ ਗੱਲਾਂ ਲੁਕਾਉਂਦੇ ਹੋਏ, ਭਾਵੇਂ ਉਹ ਗਿਰਜੇ ਜਾਂਦਾ ਹੋਵੇ, ਪਰਮੇਸ਼ੁਰ ਦਾ ਪ੍ਰੇਮ ਉਹਦੇ ਦਿੱਲ ਵਿੱਚ ਠੰਡਾ ਹੋ ਗਿਆ ਹੈ। ਉਹ ਦੋ ਵਿਚਾਰਾਂ ਵਿੱਚ ਰੁਕਣ ਵਾਲਾ ਦੋ ਚਿੱਤਾ ਹੋਇਆ ਹੈ। ਉਹ ਸੰਸਾਰ ਨੂੰ ਧੱਕਾ ਦੇਣਾ ਸ਼ੁਰੂ ਕਰਦਾ ਹੈ ਅਤੇ ਪਰਮੇਸ਼ੁਰ ਨਾਲ ਪਿਆਰ ਕਰਨ ਦਾ ਬਹਾਨਾ ਕਰਦਾ ਹੈ। ਉਹਦੇ ਦਿੱਲ ਦਾ ਤਾਰਾ ਅਰਥਾਤ ਵਿਵੇਕ ਕਮਜ਼ੋਰ ਹੋ ਜਾਂਦਾ ਹੈ । ਹੁਣ ਉਹ ਸਲੀਬ ਨੂੰ ਹੱਸ ਕੇ ਨਹੀਂ ਚੁਕੱਦਾ ਪਰੰਤੂ ਭਾਰੀ ਭਾਰ ਸਮੱਝਦਾ ਹੈ। ਉਹਦਾ ਨਿਹਚਾ ਕੰਬਣਾ ਸ਼ੁਰੂ ਕਰ ਦਿੰਦਾ ਹੈ, ਉਹ ਪ੍ਰਾਰਥਨਾ ਵਿੱਚ ਪਰਮੇਸ਼ੁਰ ਨਾਲ ਗੱਲ ਕਰਨ ਤੋਂ ਰੁੱਕ ਜਾਂਦਾ ਹੈ, ਆਪਣੇ ਦਿੱਲ ਦੀ ਹਾਲਤ ਬਾਰੇ ਅਭਿੱਨ ਅਤੇ ਲਾਪਰਵਾਹ ਹੋ ਜਾਂਦਾ ਹੈ। ਅਤੇ ਹੌਲੀ ਹੌਲੀ ਭੈੜੀਆਂ ਗੱਲਾਂ ਉਹਦੇ ਦਿੱਲ ਵਿੱਚ ਸਥਾਨ ਬਣਾ ਲੈਂਦੀਆਂ ਹਨ। ਉਹ ਸੱਚੇ ਵਿਸ਼ਵਾਸੀਆਂ ਦੀ ਸੰਗਤ ਦੀ ਬਜਾਏ, ਸੰਸਾਰੀ ਲੋਕਾਂ ਨਾਲ ਅਨੰਦ ਕਰਦਾ ਹੈ।

ਮੌਤ ਦੀ ਆਤਮਾ ਜਿਹੜੀ ਘਮੰਡ ਨੂੰ ਪੇਸ਼ ਕਰਦੀ ਹੈ, ਪ੍ਰਵੇਸ਼ ਦਵਾਰ ਲਭੱਣਾ ਸ਼ੁਰੂ ਕਰਦੀ ਹੈ। ਸ਼ਾਇਦ ਉਹ ਭੁੱਲ ਗਿਆ ਹੈ ਭਈ ਉਹ ਕੇਵਲ ਫਜ਼ਲ ਦੁਆਰਾ ਬਚਾਇਆ ਗਿਆ ਸੀ ਅਤੇ ਮਾਣ ਵਾਲਾ ਮਸੀਹੀ ਬਣਦਾ ਹੈ। ਸ਼ਰਾਬ ਦਰਵਾਜ਼ੇ ਨੂੰ ਖੜਕਾਉਂਦੀ ਹੈ ਅਤੇ ਪ੍ਰਵੇਸ਼ ਲੱਭਦੀ ਹੈ । ਭਾਵੇਂ ਇਹ ਦੁਨਿਆਵੀ ਸਜੱਣਾ ਦੇ ਇਕੱਠ ਵਿੱਚ ਕੋਈ ਖ਼ਾਸ ਮੌਕਾ ਹੋਵੇ ਜਿੱਥੇ ਉਹ ਆਪਣੇ ਆਪ ਨੂੰ ਕਮਜ਼ੋਰ ਯਾ ਅਸਮਾਜਿਕ ਨਹੀਂ ਸਮਝਦਾ ਭਈ ਸ਼ਤਾਨ ਉਹਨੂੰ ਕਹਿੰਦਾ ਹੈ ਕਿ ਇਹ ਮੌਕਾ ਉਹਦੀ ਆਤਮਿਕ ਜ਼ਿੰਦਗੀ ਨਾਸ ਨਹੀਂ ਕਰੇਗਾ। ਸੰਸਾਰ ਦੇ ਵਿਕਾਰ ਅਤੇ ਲਾਲਚ ਉਹਨਾਂ ਨੂੰ ਅਨੁਭਵ ਹੁੰਦੇ ਹਨ। ਸ਼ਾਇਦ ਉਹ ਅਨੈਤਿਕ ਮਖੌਲ ਕਰਨਾ, ਗੰਦੀਆਂ ਤਸਵੀਰਾਂ ਦੇਖਣ ਨਾਲ ਅਨੰਦ ਮਨਾਉਂਣਾ ਸ਼ੁਰੂ ਕਰਦਾ ਹੈ। ਅਤੇ ਅਨੈਤਿਕ ਲੋਕਾਂ ਨਾਲ, ਨਾਚ-ਘਰਾਂ ਨਾਲ ਪਿਆਰ ਕਰਨ

Copyright ANGP




੬. ਵਿਸ਼ਵਾਸ਼ ਤੋਂ ਫਿਰਿਆ ਹੋਇਆ ਦਿੱਲ

ਨਾਲ, ਸੈਤਾਨ ਦੀਆਂ ਬੁਰੀਆਂ ਸਲਾਹਾਂ ਮੰਨਣ ਨਾਲ ਅਨੰਦ ਮਨਾਉਂਦਾ ਹੈ ਜਿਹੜਾ ਉਹਨੂੰ ਕਹਿੰਦਾ ਹੈ ਭਈ ਇਹ ਕੁਦੱਰਤ ਹੈ ਅਤੇ ਇਕ ਪਾਪ ਕੋਈ ਪਾਪ ਨਹੀਂ ਹੈ।

ਇਹ ਸੱਚ ਹੈ ਭਈ ਜੇ ਬੁਰਾਈ ਦੇ ਜੰਗਲੀ ਪੰਛੀ ਅਤੇ ਅਸੁੱਧ ਵਿਚਾਰ ਸਾਡੇ ਉੱਤੇ ਚੜ੍ਹਦੇ ਹਨ ਤਾਂ ਅਸੀਂ ਕੋਈ ਮਦਦ ਨਹੀਂ ਕਰ ਸਕਦੇ, ਪਰੰਤੂ ਜੇ ਅਸੀਂ ਉਹਨਾਂ ਨੂੰ ਆਪਣੇ ਉੱਤੇ ਚੜ੍ਹਨ ਦਿੰਦੇ ਹਾਂ ਅਤੇ ਸਾਡੇ ਦਿੱਲਾਂ ਉੱਤੇ ਜਾਲ ਪਾਉਂਣ ਦਿੰਦੇ ਹਾਂ ਭਈ ਉਹ ਬੁਰੇ ਕੰਮ ਕਰਨ ਤਾਂ ਅਸੀਂ ਅਪਰਾਧੀ ਹਾਂ। ਜੇ ਅਸੀਂ ਸ਼ਤਾਨ ਨੂੰ ਆਪਣੀ ਛੋਟੀ ਉਂਗਲੀ ਦਿੰਦੇ ਹਾਂ ਉਹ ਜ਼ਰੂਰ ਹੀ ਸਾਰਾ ਹੱਥ, ਜਾਨ ਅਤੇ ਰੂਹ ਨੂੰ ਅਬਦੀ ਨਰੱਕ ਵਿੱਚ ਸੁੱਟਦੇ ਹੋਏ, ਖਾ ਜਾਵੇਗਾ। ਇਸ ਲਈ ਪਰਮੇਸ਼ੁਰ ਦੀ ਪੱਕੀ ਚਿਤੌਣੀ ਸਾਡੇ ਵਾਸਤੇ ਹੈ ਭਈ ਅਸੀਂ ਜਵਾਨੀ ਦਿਆਂ ਲਾਲਚਾਂ ਤੋਂ ਦੂਰ ਭਜੀਏ, ਅਤੇ ਪਾਪ ਨਾ ਕਰੀਏ। ਕੋਈ ਪਤਾ ਨਹੀਂ ਇਹ ਕਿਸ ਸ਼ਕਲ ਵਿੱਚ ਆ ਜਾਵੇ। ਯਿਸੂ ਵੱਲ ਤੱਕੋ ਜਿਹੜਾ ਛੁਡਾਉਂਣ ਵਾਲਾ ਅਤੇ ਵਿਜੇਤਾ ਹੈ।

ਇਸ ਤਸਵੀਰ ਵਿੱਚ ਮਨੁੱਖ ਜਿਹੜਾ ਦਿੱਲ ਨੂੰ ਛੁਰੇ ਨਾਲ ਮਾਰ ਰਿਹਾ ਹੈ, ਮਸੀਹਤ ਦਾ ਹਾਸਾ ਪਾਉਂਣ ਵਾਲੇ ਅਤੇ ਵਿਰੋਧ ਕਰਨ ਵਾਲਿਆਂ ਦੇ ਬਾਰੇ ਬੋਲਦਾ ਹੈ। ਉਹ ਝੂਠਿਆਂ ਜੀਭਾਂ ਅਤੇ ਹਾਸਾ ਪਾਉਂਣ ਵਾਲੇ ਬੁਲਾਂ ਨਾਲ ਚਾਕੂ ਮਾਰਦੇ ਹਨ, ਮਸੀਹੀਆਂ ਦੇ ਦਿੱਲਾਂ ਨੂੰ ਜ਼ਖ਼ਮੀ ਕਰ ਦਿੰਦੇ ਹਨ, ਜਿਹਨਾਂ ਨੂੰ ਵੱਡਿਆ ਦਿੱਲ ਜੀਵਨ ਨਹੀਂ ਦੇ ਸਕਦਾ। ਉਹ ਪਰਮੇਸੁਰ ਨਾਲੋਂ ਮਨੁੱਖਾਂ ਥੋਂ ਵੱਖ ਡਰਦਾ ਹੈ। ਅਤੇ ਉਹ ਡਰ ਜਿਹਦੇ ਬਾਰੇ ਮਨੁੱਖ ਬੋਲਦੇ ਅਤੇ ਡਰਦੇ ਹਨ, ਉਹ ਮਨੁੱਖਾਂ ਦਾ ਦਾਸ ਬਣ ਜਾਂਦਾ ਹੈ। ਅਤੇ ਪਰਮੇਸ਼ੁਰ ਥੋਂ ਦੂਰ ਹੋ ਜਾਂਦਾ ਹੈ। ਗੁੱਸਾ ਅਤੇ ਬੁਰਾ ਸੁਭਾਓ, ਦੁਖ ਅਤੇ ਨਿਰਾਸ਼ਾ ਵੇਲੇ ਨਜ਼ਰ ਆਉਂਦੇ ਹਨ ਅਤੇ ਪ੍ਰਵੇਸ਼ ਲਈ ਜ਼ੋਰ ਮਾਰਦੇ ਹਨ। ਈਰਖਾ ਦਾ ਬੁਰਾ ਸੱਪ ਜਿਹੜਾ ਦੂਜਿਆਂ ਦੀ ਸਫਲਤਾ ਅਤੇ ਤਰੱਕੀ ਵੇਲੇ ਨਜ਼ਰ ਆਉਂਦਾ ਹੈ। ਐਵੇਂ ਚਿਲਾਏਗਾ, ਅਤੇ ਜੇ ਮੌਕਾ ਲਗੇ ਤਾਂ ਅਧਿਆਂ ਨੂੰ ਘਿਰਣਾ ਅਤੇ ਘਮੰਡ ਵਿੱਚ ਪਾਵੇਗਾ।

ਜੇ ਅਸੀਂ ਪ੍ਰਭੂ ਯਿਸੂ ਦੀ ਚਿਤੌਣੀ ਵਲ ਧਿਆਨ ਨਾ ਦਈਏ ਜਦ ਉਸਨੇ ਕਹਿਆ ਭਈ, "ਜਾਗੋ ਅਤੇ ਪ੍ਰਾਰਥਨਾ ਕਰੋ ਜੋ ਤੁਸੀਂ ਪਰਤਾਵੇ ਵਿੱਚ ਨਾ ਪਾਓ (ਮੱਤੀ ੨੬:੪੧), ਤਾਂ ਸਾਡੇ ਦਿੱਲ ਵਿਚ ਧਨ ਦਾ ਪਿਆਰ ਬਣੀ

Copyright AIGP

ਆਸਾਨੀ ਨਾਲ ਆਉਂਦਾ ਹੈ। "ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮੱਝਦਾ ਹੈ ਸੋ ਸੁਚੇਤ ਰਹੇ ਭਈ ਕਿੱਤੇ ਡਿੱਗ ਨਾ ਪਵੇ" (੧ ਕੁਰਿ੦ ੧੦:੧੨)। ਅਸੀਂ ਜ਼ਰੂਰ ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਧਾਰਣ ਕਰਾਂਗੇ, ਤਾਂ ਜੋ ਅਸੀਂ ਸੈਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸਕੀਏ (ਅਫ਼੦ ੬:੧੧-੧੮)

## ਸਤੱਵੀਂ ਤਸਵੀਰ

ਇਹ ਤਸਵੀਰ ਇਕ ਕੁਧਰੱਮੀ ਮਨੁੱਖ ਦੇ ਦਿੱਲ ਦੀ ਦਸ਼ਾ ਨੂੰ ਪ੍ਰਗਟ ਕਰਦੀ ਹੈ ਜਿਹੜਾ ਕਿ ਵਿਸ਼ਵਾਸ ਛਡ ਬੈਠਾ ਹੋਵੇ। ਜਿਹੜਾ ਕਿ ਇਕ ਵਾਰੀ ਚਾਨਣ ਪਾਕੇ, ਸੁਰੱਗੀ ਅਨੰਦ ਲੈਕੇ ਅਤੇ ਪਵਿੱਤ੍ਰ-ਆਤਮਾ ਦਾ ਭਾਗੀ ਹੋਕੇ ਦੂਰ ਚਲਿਆ ਗਿਆ ਹੋਵੇ। ਇਹ ਉਸ ਮਨੁੱਖ ਦੀ ਦਸ਼ਾ ਨੂੰ ਭੀ ਦਸਦੀ ਹੈ ਜਿਨ੍ਹੇ ਕਦੀ ਨਾ ਤੌਬਾ ਕੀਤੀ ਅਤੇ ਨਾ ਪਰਮੇਸ਼ੁਰ ਅਗੇ ਆਪਣੇ ਆਪ ਨੂੰ ਸੌਂਪਿਆਂ, ਇਸ ਹਕੀ-ਕਤ ਦੇ ਹੁੰਦਿਆਂ ਹੋਇਆ ਭਈ ਇੰਜੀਲ ਦੀ ਸਚਾਈ, (ਸਮਾਚਾਰ) ਉਹਨੂੰ ਪੇਸ਼ ਅਤੇ ਪ੍ਰਗਟ ਕੀਤੀ ਗਈ ਹੈ। ਇਕ ਮਨੁੱਖ, ਜਦੋਂ ਪਰਮੇਸੁਰ ਉਹਦੇ ਨਾਲ ਰਹਿੰਦਾ ਹੈ, ਆਪਣੇ ਦਿਲ ਨੂੰ ਕਠੋਰ ਕਰਦਾ ਹੈ, ਤਾਂ ਉਹ ਆਪਣੇ ਆਪ ਨੂੰ ਸੁਧਾਰਣ ਦੀਆਂ ਸਭ ਕੋਸ਼ਿਸ਼ਾਂ ਦੇ ਹੁੰਦੇ ਹੋਏ ਨਾਸ ਹੁੰਦਾ ਜਾਏਗਾ।

ਯਿਸੂ ਮਸੀਹ ਭੀ ਉਸ ਕੁਧਰੱਮੀ ਦੇ ਬਾਰੇ ਕਹਿੰਦਾ ਹੈ ਭਈ, "ਜਾਂ ਭਰਿਸ਼ਟ ਆਤਮਾ ਮਨੁੱਖ ਤੋਂ ਨਿਕਲ ਗਿਆ ਹੋਇਆ ਤਾਂ ਸੁੱਕਿਆ ਥਾਂਵਾਂ ਵਿੱਚ ਆਰਾਮ ਢੂੰਦਦਾ ਫਿਰਦਾ ਹੈ। ਅਤੇ ਥਾਂ ਲੱਭ ਕੇ ਆਖਦਾ ਹੈ ਮੈਂ ਆਪਣੇ ਘਰ ਮੁੜ ਜਾਂਵਾਂਗਾ ਜਿੱਥੋਂ ਨਿਕਲਿਆ ਸਾਂ। ਤਾਂ ਆਣਕੇ ਉਹਨੂੰ ਝਾੜਿਆ ਸੁਆਰਿਆ ਵੇਖਦਾ ਹੈ। ਤਾਂ ਉਹ ਜਾਕੇ ਹੋਰ ਸੱਤ ਆਤਮੇ ਆਪਣੇ ਨਾਲੋਂ ਵੀ ਭੈੜੇ ਮੰਗ ਲਿਆਉਂਦਾ ਹੈ। ਅਤੇ ਉਹ ਅੰਦਰ ਵੜ ਕੇ ਉੱਥੇ ਵਸੱਦੇ ਹਨ ਤਾਂ ਉਸ ਮਨੁੱਖ ਦਾ ਪਿੱਛਲਾ ਹਾਲ ਪਹਿਲੇ ਨਾਲੋਂ ਬੁਰਾ ਹੁੰਦਾ ਹੈ" (ਲੂਕਾ ੧੧:੨੪-੨੬) "ਇਹ ਸੱਚੀ ਕਹਾਉਤ ਉਨ੍ਹਾਂ ਉੱਤੇ ਠੀਕ ਬਹਿੰਦੀ ਹੈ ਭਈ ਕੁੱਤਾ ਆਪਣੀ ਉੱਪਰ ਛੱਲ ਵੱਲ ਮੁੜਿਆ ਅਤੇ ਨੁਲ੍ਹਾਈ ਹੋਈ ਸੂਰਨੀ ਚਿਕੱੜ ਵਿੱਚ ਲੇਟਣ ਨੂੰ ਮੁੜ ਗਈ" (੨ ਪਤਰਸ ੨:੨੨)।


ਇਹ ਪਵਿੱਤ੍ਰ ਲੇਖ ਸਾਫ਼ ਤੌਰ ਨਾਲ ਇਕ ਕੁਧਰੱਮੀ ਯਾ ਉਸ ਪਾਪੀ ਦੇ ਦਿੱਲ ਦੀ ਦਸ਼ਾ ਬਿਆਨ ਕਰਦੀ ਹੈ ਜਿਨੇ ਤੌਬਾ ਨਾ ਕੀਤੀ ਹੋਵੇ। ਪਾਪ ਧੋਖੇ

Copyright ANCP

ਸਹਿਤ ਫਿਰ ਦਿੱਲ ਵਿੱਚ ਠਹਿਰਣ ਲਈ ਅਤੇ ਰਾਜ ਕਰਨ ਲਈ ਆ ਗਿਆ ਹੈ । ਕਿਸੇ ਹੱਦ ਤਕ ਉਹਦਾ ਚੇਹਰਾ ਵੀ ਉਹਦੀ ਦਿੱਲ ਦੀ ਦਸ਼ਾ ਪ੍ਰਗਟ ਕਰਦਾ ਹੈ। ਪਵਿਤ੍ਰ-ਆਤਮਾ ਨੂੰ ਦਿੱਲ ਛਡੱਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਕਿਉਂ ਜੋ ਪਾਪ ਅਤੇ ਪਵਿੱਤ੍ਰ-ਆਤਮਾ ਇਕਠੇ ਨਹੀਂ ਰਹਿ ਸਕਦੇ। ਇਕ ਹੀ ਵੇਲੇ ਦਿੱਲ ਲਈ ਪਰਮੇਸ਼ੁਰ ਦੀ ਹੈਕਲ ਹੋਣਾ ਅਤੇ ਸ਼ਤਾਨ ਦੀ ਖੋਹ ਹੋਣਾ ਅਸੰਭਵ ਹੈ । ਦੂਤ ਪਰਮੇਸ਼ੁਰ ਦੇ ਬਚਨ ਨੂੰ ਅਫਸੋਸ ਸਹਿਤ ਜਾਣਾ ਪੈਂਦਾ ਹੈ। ਫਿਰ ਵੀ ਆਸ਼ਾ ਰਖੱਦੇ ਹੋਏ ਪਿੱਛੇ ਦੇਖਦਾ ਹੈ ਭਈ ਸ਼ਾਇਦ ਉਹ ਉੜਾਓ ਪੁੱਤ੍ਰ ਵਾਂਙੂ ਤੋਬਾ ਕਰ ਲਵੇ "ਘਰ ਉਹ ਉਹਨਾਂ ਛਿਲੱੜਾਂ ਨਾਲ ਜਿਹੜੇ ਸੂਰ ਖਾਂਦੇ ਸਨ ਆਪਣਾ ਢਿੱਡ ਭਰਨਾ ਚਾਹੁੰਦਾ ਸੀ ਜਰ ਕਿਨ੍ਹੇ ਉਹਨੂੰ ਕੁਝ ਨਾ ਦਿੱਤਾ ਪਰ ਉਹਨੇ ਸੁਰਤ ਵਿੱਚ ਆਣਕੇ ਕਹਿਆ ਭਈ ਮੇਰੇ ਪਿਓ ਦੇ ਕਿੰਨ੍ਹੇ ਹੀ ਕਾਮਿਆ ਲਈ ਵਾਫ਼ਰ ਰੋਟੀਆਂ ਹਨ ਅਤੇ ਮੈਂ ਇੱਥੇ ਭੁੱਖਾ ਮਰਦਾ ਹੈ । ਮੈਂ ਉਠ ਕੇ ਆਪਣੇ ਪਿਓ ਕੋਲ ਜਾਵਾਂਗਾ ਅਤੇ ਉਸ ਨੂੰ ਆਖਾਂਗਾ ਪਿਤਾ ਜੀ ਮੈਂ ਅਸਮਾਨ ਦੇ ਵਿਰੁੱਧ ਅਰ ਤੇਰੇ ਅੱਗੇ ਗੁਨਾਹ ਕੀਤਾ ਹੈ ਹੁਣ ਮੈਂ ਇਸ ਯੋਗ ਨਹੀਂ ਜੋ ਫੇਰ ਤੁਹਾਡਾ ਪੁੱਤ੍ਰ ਸਦਾਵਾਂ" (ਲੂਕਾ੦ ੧੫:੧੬-੧੯) ਪਿਤਾ ਨੇ ਆਪਣਾ ਪਛਚਾਤਾਪੀ ਪੁੱਤ੍ਰ ਦੇਖ ਕੇ ਉਹਨੂੰ ਮਾਫ ਕੀਤਾ ਅਤੇ ਬਹਾਲ ਕਰ ਦਿੱਤਾ।

ਇਸ ਤਸਵੀਰ ਵਿਚ ਦਿਲ, ਕੋਈ ਸੱਚੀ ਤੋਬਾ, ਪਰਮੇਸੁਰ ਵਲ ਮੁੜ੍ਹਨਾ, ਮਸੀਹ ਦੇ ਕਦਮਾਂ ਉੱਤੇ ਮਾਫੀ ਲਈ ਖੋਜ ਦਾ, ਕੋਈ ਨਿਸ਼ਾਨ ਨਹੀਂ ਦਸਦਾ। ਉਹਦਾ ਵਿਵੇਕ ਮੰਨੋ ਭਈ ਗਰਮ ਲੋਹੇ ਨੇ ਝੁਲਸਾ ਦਿੱਤਾ ਹੈ ਅਤੇ ਉਹਨੂੰ ਚੁੱਪ ਕਰਾ ਦਿੱਤਾ ਹੈ। ਉਹਦੇ ਕੰਨ ਤਾਂ ਹਨ ਪਰੰਤੂ ਯਿਸੂ ਮਸੀਹ ਦੀ ਬਚਾਉਣ ਦੀ ਆਵਾਜ਼ ਨਹੀਂ ਸੁਣ ਸਕਦਾ । ਉਹ ਅੱਖਾਂ ਤਾਂ ਰਖਦਾ ਹੈ ਪਰੰਤੂ ਨਰੱਕ ਦਾ ਅਣਮਿਣ ਡੂੰਗਾ ਗੱਡਾ, ਜਿਹੜਾ ਉਹਦੇ ਪੈਰਾਂ ਥੱਲੇ ਆਪਣਾ ਮੂੰਹ ਖੋਲੇ ਹੋਏ ਹੈ, ਨਹੀਂ ਦੇਖ ਸਕਦਾ। ਅੱਗੇ ਤੋਂ ਉਹ ਆਪਣੇ ਪਾਪਾਂ ਵਿੱਚ ਅੜ੍ਹਨ ਦੀ ਸ਼ਰ-ਮਿੰਦਗੀ ਅਨੁਭਵ ਨਹੀਂ ਕਰਦਾ। ਸ਼ਤਾਨ ਉਹਦੇ ਦਿੱਲ ਵਿੱਚ ਰਾਜ ਕਰਨ ਲਈ ਆ ਗਿਆ ਹੈ ਅਤੇ ਇਕ ਰਾਜੇ ਦੀ ਤਰ੍ਹਾਂ ਤਖੱਤ ਉੱਤੇ ਬੈਠ ਗਿਆ ਹੈ। ਇਹ ਸੰਭਵ ਹੈ ਭਈ ਉਹ ਬਾਹਰੋਂ ਸੁਹਣਾ ਅਤੇ ਲੋਕਾਂ ਨੂੰ ਧਰੱਮੀ ਵਿਖਾਈ ਦੇਣ ਦਾ ਕਲੀ ਫੇਰੀਆਂ ਕਬਰਾਂ ਵਾਂਙੂ ਅਜੇ ਘੁਮੰਡ ਕਰਦਾ ਹੋਵੇ, "ਪਰੰਤੂ ਅੰਦਰੋਂ

Copyright ANGP





੭. ਸ਼ਤਾਨ ਦੁਆਰਾ ਜਕੜਿਆ ਹੋਇਆ ਦਿੱਲ

ਮੁਰਦਿਆਂ ਦੀਆਂ ਹਡੀਆਂ ਅਤੇ ਹਰ ਪ੍ਰਕਾਰ ਦੀ ਪਲੀਤੀ ਨਾਲ ਭਰੀਆਂ ਹੋਈਆਂ ਹਨ" (ਮੱਤੀ ੨੩:੨੭)

ਝੂਠਾਂ ਦਾ ਪਿਤਾ ਸਚਾਈ ਦੀ ਆਤਮਾ ਦੀ ਥਾਂ ਘੇਰ ਲੈਂਦਾ ਹੈ । ਹਰੇਕ ਜਾਨਵਰ, ਹਰੇਕ ਪਾਪ ਦਾ ਕਿਸੇ ਖਾਸ ਅਸ਼ੁਧ-ਆਤਮਾ ਨਾਲ ਸੰਬੰਧ ਹੈ। ਅਤੇ ਉਹਦੇ ਦਿੱਲ ਨੂੰ ਘੇਰੇ ਹੋਏ ਹੈ। ਭਾਵੇਂ ਉਹ ਇਨ੍ਹਾਂ ਭੈੜੀਆਂ ਤੰਗ ਕਰਨ ਵਾਲੀਆਂ ਵਸਤਾਂ ਤੋਂ ਆਜ਼ਾਦ ਹੋਣਾ ਚਾਹੁੰਦਾ ਹੋਵੇ, ਪਰੰਤੂ ਉਹ ਉਹਨੂੰ ਬੰਨ੍ਹੀ ਰਖਦੀਆਂ ਹਨ। "ਜਿਸ ਕਿਸੇ ਨੇ ਮੂਸਾ ਦੀ ਸ਼ਰਾ ਦੀ ਟਾਲਣਾ ਕੀਤੀ ਹੋਵੇ ਉਹ ਦੋਂਹ ਯਾ ਤਿੰਹੁ ਗਵਾਹਾਂ ਦੀ ਗਵਾਈ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ। ਤਾਂ ਤੁਹਾਡੈ ਖਿਆਲ ਵਿੱਚ ਉਹ ਕਿੰਨ੍ਹੀ ਕੁ ਹੋਰ ਵੀ ਕਰੜੀ ਸਜ਼ਾ ਦੇ ਯੋਗ ਠਹਿ-ਰਾਇਆ ਜਾਵੇਗਾ ਜਿਹਨੇ ਪਰਮੇਸ਼ੁਰ ਦੇ ਪੁੱਤ੍ਰ ਨੂੰ ਪੈਰਾਂ ਨਾਲ ਲਤਾੜਿਆ ਅਤੇ ਨੇਮ ਦਾ ਲਹੂ ਜਿਹਦੇ ਨਾਲ ਉਹ ਪਵਿੱਤ੍ਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ ?" (ਇਬ੦ ੧੦:੨੮, ੨੯; ੨ ਪਤ੦ ੨:੧-੧੪)।

ਕੀ ਇਹ ਤਸਵੀਰ ਤੁਹਾਡੇ ਦਿੱਲ ਦੀ ਦਸ਼ਾ ਦੇ ਮੁਤਾਬਿਕ ਹੈ, ਪਿਆਰੇ ਸਜੱਣ, ਦੇਰ ਨਾ ਕਰੋ, ਆਪਣੇ ਦਿੱਲ ਦੀ ਗਹਿਰਾਈ ਤੋਂ ਪਰਮੇਸ਼ੁਰ ਨੂੰ ਚਿਲਾਓ। "ਉਹ ਤੁਹਾਨੂੰ ਹਰ ਹੱਦ ਤਕ ਬਚਾਉਂਣ ਦੇ ਯੋਗ ਹੈ", ਜੇ ਤੁਸੀਂ ਸੱਚੀ ਤੌਬਾ ਕਰੋ ਤਾਂ ਉਹ ਤੁਹਾਡੇ ਸਾਰੇ ਪਾਪ, ਮਾਫ਼ ਕਰਨ ਦੇ ਯੋਗ ਹੈ ਅਤੇ ਮਾਫ਼ ਕਰਨਾ ਚਾਹੁੰਦਾ ਹੈ। ਜੇ ਤੁਸੀਂ ਉਹਨੂੰ ਕਰਨ ਦਿਓ ਤਾਂ ਉਹ ਸ਼ਤਾਨ ਨੂੰ ਅਤੇ ਉਹਦੀ ਸਾਰੀ ਹਨੇਰੇ ਦੀ ਫੌਜ ਨੂੰ ਬੰਨ ਸਕਦਾ ਹੈ । ਉਸ ਕੋੜ੍ਹੀ ਵਾਂਙੂ ਆਓ ਜਿਹੜਾ ਮਸੀਹ ਕੋਲ ਆਕੇ ਕਹਿੰਦਾ ਹੈ "ਜੇ ਤੂੰ ਚਾਂਹੇ ਤਾਂ ਮੈਨੂੰ ਚੰਗਾ ਕਰ ਸਕਦਾ ਹੈਂ ।" ਮਸੀਹ ਨੇ ਜਵਾਬ ਦਿੱਤਾ, "ਮੈਂ ਚਾਹੁੰਦਾ ਹਾਂ ਭਈ ਤੂੰ ਚੰਗਾ ਹੋ ਜਾ" ਪਰ੦ ੧:੪੦,੪੧)। ਪਰੰਤੂ ਜੇ ਤੁਸੀਂ ਆਪਣੇ ਦਿੱਲ ਨੂੰ ਸਖੱਤ ਕਰਦੇ ਰਹੋ ਅਤੇ ਚਾਨਣ ਦੀ ਜਗ੍ਹਾ ਹਨੇਰੇ ਨੂੰ ਪਿਆਰ ਕਰੋ, ਤਾਂ ਕੋਈ ਆਸ਼ਾ ਅਤੇ ਮਦਦ ਨਹੀਂ ਹੈ, ਕਿਉਂ ਜੋ ਤੁਸੀਂ ਜੀਵਨ ਦੀ ਜਗ੍ਹਾ ਮੌਤ ਚੁਣ ਰਹੇ ਹੋ "ਕਿਉਂ ਜੋ ਪਾਪ ਦੀ ਮਜ਼ਦੂਰੀ ਮੌਤ ਹੈ" (ਰੋਮ੦ ੬:੨੩)

Copyright ANGP





੮. ਪਾਪੀ ਦਿੱਲ ਦੀ ਦਸ਼ਾ

# ਅਠਵੀਂ ਤਸਵੀਰ

ਇੱਥੇ ਅਸੀਂ ਕਠੋਰ ਪਾਪੀ ਨੂੰ ਮਰਦੇ ਹੋਏ ਪਾਉਂਦੇ ਹਾਂ, ਉਹਦੀ ਦੇਹ ਵਿੱਚ ਕਾਫੀ ਦਰਦ ਹੋਵੇਗੀ ਅਤੇ ਉਹਦੀ ਆਤਮਾ, ਮੌਤ ਦੇ ਡਰ ਨਾਲ ਭਰੀ ਹੋਵੇਗੀ। ਮੌਤ, ਆਸ਼ਾ ਅਤੇ ਚਾਹਣ ਦੇ ਸਮੇਂ ਤੋਂ ਪਹਿਲਾਂ ਹੀ ਆ ਗਈ ਹੈ ਪਾਪ ਦੇ ਧੋਖੇ ਵਾਲੇ ਮਜ਼ੇ ਬੀਤ ਗਏ ਹਨ ਅਤੇ ਹੁਣ ਪਾਪ ਦੀ ਵੱਡੀ ਅਤੇ ਡਰਾਵਨੀ ਮਜ਼ਦੂਰੀ ਦੀ ਦਰਦਨਾਖ ਹਕੀਕਤ ਦਾ ਸਾਹਮਣਾ ਕਰਨਾ ਹੈ। ਨਰੱਕੀ ਪੀੜਾਂ ਆਪਣੇ ਸ਼ਿਕਾਰ ਦੇ ਸਾਹਮਣੇ ਹਨ। ਚਾਹੇ ਉਹ ਹੁਣ ਪ੍ਰਾਰਥਨਾ ਕਰਨਾ ਚਾਹੁੰਦਾ ਹੈ, ਪਰ ਉਹ ਪਰਮੇਸ਼ੁਰ ਦੀ ਸੰਗਤ ਪ੍ਰਾਪਤ ਨਹੀਂ ਕਰ ਸਕਦਾ ਜਿਹਦਾ ਪਿਆਰ ਉਹਨੇ ਕਈ ਚਿਰ ਤੋਂ ਤਰਕ ਕਰ ਦਿੱਤਾ ਹੈ। ਉਹਦੇ ਪਹਿਲੇ ਸਜੱਣ ਉਹਦੇ ਬਿਸੱਤਰ ਲਾਗੇ ਖੱੜੇ ਹੋਣ ਲਈ ਡਰਦੇ ਹਨ, ਅਤੇ ਉਹਨਾਂ ਦੇ ਸੁਖੱਦਾਇਕ ਸ਼ਬਦ ਹੁਣ ਉਹਦੀ ਕੋਈ ਮਦਦ ਨਹੀਂ ਕਰ ਸਕਦੇ। ਸੰਭਤਾ ਉਹਦਾ ਕੁਰੀਤੀ ਨਾਲ ਪ੍ਰਾਪਤ ਕੀਤਾ ਧਨ ਉਹਦਾ ਜੀਵਨ ਕਦੇ ਵਧਾ ਨਹੀਂ ਸਕਦਾ, ਨਾ ਉਹਦਾ ਪ੍ਰਾਣ ਬਚਾ ਸਕਦਾ ਹੈ, ਨਾ ਹੀ ਉਹਦੇ ਪ੍ਰਾਣ ਦੀ ਪੀੜਾ ਘੱਟ ਕਰਦਾ ਸਕਦਾ ਹੈ। ਉਹ ਪਰਮੇਸ਼ੁਰ ਤੇ ਧਿਆਨ ਕਰਨਾ ਅਸੰਭਵ ਪਾਉਂਦਾ ਹੈ। ਕਿਉਂਜੋ ਸ਼ਤਾਨ ਉਹਨੂੰ ਏਸਾ ਕਰਨ ਦਾ ਏਈ ਮੌਕਾ ਨਹੀਂ ਦਿੰਦਾ ਹੈ।

Copyright ANCP

ਹਰੇਕ ਵਸਤ ਜਿਹਨੂੰ ਉਹਨੇ ਇਕ ਵਾਰੀ ਪਿਆਰ ਕੀਤਾ ਅਤੇ ਜਿਹਦੇ ਵਾਸਤੇ ਜੀਉਂਦਾ ਸੀ, ਉਹਨੂੰ ਮਖੌਲ ਕਰਦੀ ਮਲੂਮ ਹੁੰਦੀ ਹੈ ਸ਼ਤਾਨ ਭੀ ਹੁਣ ਜਿਹਦੇ ਉੱਤੇ ਉਹਨੇ ਵਿਸ਼ਵਾਸ ਕੀਤਾ ਉਹਦੀ ਮਦਦ ਨਹੀਂ ਕਰ ਸਕਦਾ। ਕਿਉਂ ਜੋ ਉਹਨੇ ਪਰਮੇਸੁਰ ਦੀ ਕਿਰਪਾ ਨੂੰ ਤਰਕ ਕੀਤਾ ਹੈ ਅਤੇ ਸਜਾ ਦਾ ਹਕਦਾਰ ਹੋ ਗਿਆ ਹੈ। ਉਹ ਅਨੁਭਵ ਕਰਨਾ ਸ਼ੁਰੂ ਕਰਦਾ ਹੈ ਭਈ, "ਜੀਉਂਦੇ ਪਰਮੇਸ਼ੁਰ ਦੇ ਹਥਾਂ ਵਿੱਚ ਪੈਣਾਂ ਭਿਆਨਕ ਗੱਲ ਹੈ" (ਇਬ੦ ੧੦:੩੧)। ਉਹਨੂੰ ਆਪਣਾ ਸੰਬੰਧ ਪਤਮੇਸ਼ੁਰ ਨਾਲ ਕਿਸੇ ਭਲੇ ਵੇਲੇ ਯਾ ਮੌਤ ਵੇਲੇ ਜੋੜਨ ਦੀ ਆਸ਼ਾ ਕੀਤੀ ਸੀ, ਪਰ ਹੁਣ ਬਹੁਤ ਮੁਸ਼ਕਿਲ ਪਾਉਂਦਾ ਹੈ। ਹਜ਼ਾਰਾਂ ਹੀ ਲੋਕ, ਪਰਮੇਸ਼ੁਰ ਨੂੰ ਢੂੰਡੇ ਬਿਨਾ ਹੀ ਅਚਾਨਕ ਮਰ ਜਾਂਦੇ ਹਨ ਜਦ ਕਿ ਉਹ ਪਾ ਸਕਦੇ ਸਨ। ਪਰਮੇਸੁਰ ਦੇ ਸੁਖਦਾਇਕ ਅਤੇ ਬਚਾਉਂਣ ਵਾਲੇ ਸ਼ਬਦ ਸੁਣੱਨ ਦੀ ਜਗ੍ਹਾ, ਇਹ ਮਰਦਾ ਹੋਇਆ ਪਾਪੀ, ਜਿੰਨ੍ਹੇ ਆਪਣੀ ਜਿੰਦਗੀ ਵਿੱਚ



Copyright ANGP

੯. ਵਿਜੱਈ ਦਿੱਲ

ਪਰਮੇਸ਼ੁਰ ਦੇ ਫਜ਼ਲ ਅਤੇ ਪ੍ਰੇਮ ਨੂੰ ਤਰਕ ਕੀਤਾ, ਨੇ ਆਪਣੇ ਨਿਆਈਂ ਮੁਕੱਤੀਦਾਤਾ ਦੀ ਆਵਾਜ਼ ਸੁਣਨੀ ਹੈ ਜਿੰਨ੍ਹੂੰ ਉਹਨੇ ਤਰਕ ਕੀਤਾ ਭਈ, ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿੱਚ ਚਲੇ ਜਾਓ ਜਿਹੜੀ ਸ਼ਤਾਨ ਅਤੇ ਉਹਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ (ਮੱਤੀ ੨੫ : ੪੧) "ਮਨੁੱਖਾਂ ਲਈ ਇਕ ਵਾਰੀ ਮਰਨਾ ਠਹਰਾਇਆ ਹੋਇਆ ਹੈ ਪਰੰਤੂ ਉਹਦੇ ਪਿੱਛੋਂ ਨਿਆਉਂ ਹੁੰਦਾ ਹੈ" (ਇਬ੦ ੯ : ੨੭)।

## ਨੌਵੀਂ ਤਸਵੀਰ

ਇਹ ਤਸਵੀਰ ਉਸ ਮਸੀਹੀ ਨੂੰ ਪੇਸ਼ ਕਰਦੀ ਹੈ ਜਿਹੜਾ ਕਿ ਕਠੋਰ ਪ੍ਰੀਖਿਆਵਾਂ ਨੂੰ ਸਹਿ ਰਿਹਾ ਹੈ ਅੰਤ ਵਿਜੈ ਪ੍ਰਾਪਤ ਕਰ ਰਿਹਾ ਹੈ। ਭਾਵੇਂ ਉਹਦੀ ਹਰ ਪਾਸਿਓਂ ਪ੍ਰੀਖਿਆ ਹੁੰਦੀ ਹੈ ਪਰੰਤੂ ਮਸੀਹ ਯਿਸੂ ਦੁਆਰਾ ਉਹ ਵਿਜੇਤਿਆਂ ਨਾਲੋਂ ਵੱਧ ਕੇ ਮਜ਼ਬੂਤ ਰਹਿੰਦਾ ਅਤੇ ਅੰਤ ਤਕ ਸਹਿੰਦਾ ਹੈ। ਉਹ ਨਾ ਕੇਵਲ ਮਸੀਹੀ ਮੰਡਲੀ ਵਿੱਚ ਦਾਖਲ ਹੋਇਆ, ਪਰੰਤੂ ਉਹਦੇ ਵਿੱਚ ਧੀਰਜ ਨਾਲ ਦੌੜਦੇ ਹੋਏ, ਖੱਬੇ ਸੱਜੇ ਨਾ ਦੇਖਦੇ ਹੋਏ ਪਰੰਤੂ "ਯਿਸੂ ਵਲ ਦੇਖਦੇ ਹੋਏ ਜਿਹੜਾ ਨਿਹੱਚਾ ਦਾ ਕਾਰਣ ਅਤੇ ਸੰਪੂਰਣ ਕਰਨ ਵਾਲਾ ਹੈ" ਆਗਿਆਕਾਰੀ ਵੀ ਹੈ। ਇਬ੦ **੧੧** : ੧, ੨)।

ਸ਼ੈਤਾਨ ਆਪਣੀ ਸਾਰੀ ਫੌਜ ਸਮੇਤ ਵਿਸ਼ਵਾਸੀ ਦਿੱਲ ਨੂੰ ਘੇਰਦਾ ਹੈ। ਪਰਮੇਸ਼ੁਰ ਦੀ ਸੰਤਾਨ ਨੂੰ ਭਟਕਾਉਣ ਦੀ ਫਜ਼ੂਲ ਕੋਸ਼ਿਸ਼ ਕਰਦਾ ਹੈ। ਘੁਮੰਡ, ਧਨ ਦਾ ਪਿਆਰ, ਅਨੈਤਿਕਤਾ ਦਾ ਸ਼ਤਾਨ, ਅਤੇ ਦੂਜੇ ਵੀ ਪੇਸ਼ ਕੀਤੇ ਗਏ ਹਨ।

ਹੁਣ ਅਸੀਂ ਚੀਤੇ ਦੀ ਥਾਂ ਖੋਤੇ ਨੂੰ ਵੇਖਦੇ ਹਾਂ ਕਿਉਂਕਿ ਪਾਪ ਅਕਸਰ ਸਾਡੇ ਕੋਲ ਤਿੰਨ ਰੂਪਾਂ ਵਿਚ ਆਉਂਦਾ ਹੈ ਅਤੇ ਆਪਣੇ ਆਪ ਨੂੰ ਇਕ ਭਿੰਨ ਨਾਮ ਨਾਲ ਲੁਕਾਉਂਦਾ ਹੈ। ਪਰੰਤੂ ਹੋਸ਼ਿਆਰ ਮਸੀਹੀ ਪਾਪ ਨੂੰ ਪਹਿਚਾਣ ਲੈਂਦਾ ਹੈ ਜਦੋਂ ਉਹ ਧਰੱਮ ਦੇ ਬਹਾਨੇ ਯਾ ਇਕ ਚਾਨਣ ਦੇ ਦੂਤ ਦੇ ਰੂਪ ਵਿੱਚ ਆਉਂਦਾ ਹੈ। ਕਿਉਂ ਜੋ ਪਰਮੇਸ਼ੁਰ ਦਾ ਸ਼ਬਦ ਅਤੇ ਸਚਾਈ ਦੀ ਆਤਮਾ ਉਹਨੂੰ ਸਭ ਸਚਾਈ ਵੱਲ ਲੈ ਜਾਂਦੀ ਹੈ। ਇਕ ਮਨੁੱਖ ਇਕ ਹੱਥ ਵਿੱਚ ਸ਼ਰਾਬ ਦਾ ਗਲਾਸ ਲੈ ਕੇ ਮਸੀਹੀ ਦੇ ਚੋਫੇਰੇ ਨੱਚਦਾ ਹੈ ਅਤੇ ਉਹਨੂੰ ਸੰਸਾਰ ਦੀਆਂ

Copyright ANGP

ਖੁਸ਼ੀਆਂ ਨਾਲ ਪੱਰਖਣ ਦੀ ਕੋਸ਼ਿਸ਼ ਕਰਦਾ ਹੈ। ਇਸ ਦਾ ਅਰਪੱਣ ਹੋਏ ਮਸੀਹੀ ਉੱਤੇ ਕੋਈ ਅਸਰ ਨਹੀਂ ਕਿਉਂ ਜੋ ਉਹ ਪਾਪ ਅਤੇ ਸੰਸਾਰ ਵਲੋਂ ਮਸੀਹੀ ਦੇ ਨਾਲ ਕਰੂਸਿਤ ਹੋ ਚੁਕਿਆ ਹੈ। ਤਸਵੀਰ ਵਿੱਚ ਦੂਜਾ ਮਨੁੱਖ ਮਸੀਹੀ ਨੂੰ ਛੁਰੇ ਨਾਲ ਮਾਰ ਰਿਹਾ ਹੈ। ਬੁਰਾ-ਬੋਲ, ਚੁੱਗਲੀ, ਮਖੌਲ ਅਤੇ ਧੱਮਕੀਆਂ ਨਾਲ ਪਰਮੇਸ਼ੁਰ ਦੇ ਦੁਸ਼ਮਣ ਅਤੇ ਇਹੋ ਜਿਹੇ ਵਿਸ਼ਵਾਸੀ ਅਕਸਰ ਸੱਚੇ ਵਿਸ਼ਵਾਸੀਆਂ ਨੂੰ ਲਗਾਤਾਰ ਛੁਰਾ ਮਾਰ ਰਹੇ ਹਨ। ਪਰੰਤੂ ਉਹ ਲੋਕਾਂ ਦੀ ਗੱਲ ਨਹੀਂ ਸੁਣਦਾ ਕੇਵਲ ਪਰਮੇਸ਼ੁਰ ਦੀ ਗੱਲ ਸੁਣਦਾ ਹੈ। ਉਹ ਮਸੀਹੀ ਦੇ ਬੱਚਨ ਯਾਦ ਕਰਦਾ ਹੈ "ਧੰਨ ਹੋ ਤੁਸੀਂ ਜਾਂ ਮਨੁੱਖ ਮੇਰੇ ਕਾਰਣ ਤੁਹਾਨੂੰ ਬੋਲੀਆਂ ਮਾਰਣਗੇ ਅਤੇ ਸਤਾਉਣਗੇ ਅਤੇ ਹਰੇਕ ਬੁਰੀ ਗੱਲ ਤੁਹਾਡੇ ਉੱਤੇ ਝੂਠ ਮੂਠ ਲਾਉਣਗੇ। ਅਨੰਦ ਹੋਵੇ ਅਤੇ ਖੁਸ਼ੀ ਕਰੋ ਕਿਉਂ ਜੋ ਤੁਹਾਡਾ ਫਲ ਸੁੱਰਗ ਵਿੱਚ ਬਹੁਤ ਹੈ ਇਸ ਲਈ ਜੋ ਉਨ੍ਹਾਂ ਨੇ ਤੁਹਾਥੋਂ ਅਗਲਿਆਂ ਨਬੀਆਂ ਨੂੰ ਇਸੇ ਤਰ੍ਹਾਂ ਸਤਾਇਆ ਸੀ (ਮੱਤੀ ੫ : ੧੧,੧੨)।

ਪਾਪ, ਸਵਾਰਥੀ ਅਤੇ ਦੁਸ਼ਟ ਆਦਮੀ ਮਸੀਹੀ ਨੂੰ ਪਰਮੇਸ਼ੁਰ ਦੇ ਪ੍ਰੇਮ ਤੋਂ ਅਲੱਗ ਕਰਨ ਲਈ ਲਗਾਤਾਰ ਬਹੁਤ ਕੋਸ਼ਿਸ਼ ਕਰ ਰਹੇ ਹਨ; ਪਰੰਤੂ ਮਹਾਨ ਖੁਸ਼ੀ ਅਤੇ ਭਰੋਸੇ ਨਾਲ ਉਹ ਠੀਕ ਠੀਕ ਕਹਿ ਸਕਦਾ ਹੈ, "ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅਲੱਗ ਕਰ ਸਕਦਾ ਹੈ ? ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰੇ ਯਾ ਕਾਲ ਯਾ ਨੰਗ ਯਾ ਭੌਜਲ ਯਾ ਤਲਵਾਰ ?" (ਰੋਮੀਆਂ ੮ : ੩੫) "ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹਦੇ ਦੁਆਰਾ ਜਿਹਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹਦੋਂ ਵੱਧ ਫਤਹ ਪਾਉਂਦੇ ਹਾਂ" (ਰੋਮੀਆਂ ੮ : ੩੭) ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸ਼ਤ੍ਰ ਪਹਿਣ ਕੇ ਉਹ ਬੁਰੇ ਦਿਨ ਵਿੱਚ ਖੜੇ ਹੋਣ ਦੇ, ਅਤੇ ਮਸੀਹੀ ਯਿਸੂ ਦੁਆਰਾ ਪ੍ਰੀਖਿਆਵਾਂ ਤੇ ਵਿਜੈ ਪਾਉਣ ਦੇ ਯੋਗ ਹੈ, ਜਿਹਨੇ ਕਿ ਸਭ ਪ੍ਰੀਖਿਆਵਾਂ ਵਿੱਚ ਵਿਜੈ ਪ੍ਰਾਪਤ ਕੀਤੀ ਤਾਂ ਜੋ ਉਹਦੇ ਦੁਆਰਾ ਅਸੀਂ ਵਿਜੈ ਅਤੇ ਮਹਿਮਾ ਦਾ ਤਾਜ ਪ੍ਰਾਪਤ ਕਰਨ ਦੇ ਯੋਗ ਹੋ ਜਾਈਏ।

ਉਹਦੇ ਵਿਵੇਕ ਦਾ ਤਾਰਾ ਸਾਫ ਅਤੇ ਚਮਕਦਾ ਹੈ। ਉਹਦਾ ਦਿੱਲ ਨਿਹੱਚਾ ਅਤੇ ਪਵਿੱਤ੍ਰ-ਆਤਮਾ ਨਾਲ ਭਰਿਆ ਹੋਇਆ ਹੈ। ਦੂਤ ਪਰਮੇਸ਼ੁਰ ਦੇ ਬਚਨ ਦੇ ਰੂਪ ਵਿੱਚ ਉਹਨੂੰ ਕੀਮਤੀ ਵਾਇਦੇ, ਜਿਹੜੇ ਵਿਜਈ ਅਤੇ ਅੰਤ ਤਕ

Copyright ANGP

ਸਹਿਣ ਵਾਲਿਆਂ ਨੂੰ ਦਿਤੇ ਗਏ ਹਨ ਵੇਤੇ ਕਰਾਉਂਦਾ ਹੈ। "ਜਿਹੜਾ ਜਿੱਤਣ ਵਾਲਾ ਹੈ ਉਹਨੂੰ ਮੈਂ ਜੀਵਨ ਦੇ ਬਿਰਛ ਵਿੱਚੋਂ ਜੋ ਪਰਮੇਸ਼ੁਰ ਦੇ ਫ਼ਿਰਦੌਸ ਵਿੱਚ ਹੈ ਖਾਣ ਲਈ ਦਿਆਂਗਾ।" "ਜਿਹੜਾ ਜਿੱਤਣ ਵਾਲਾ ਹੈ ਦੂਜੀ ਮੌਤ ਤੋਂ ਉਹਦਾ ਕਦੇ ਵਿਗਾੜ ਨਾ ਹੋਵੇਗਾ।" "ਜਿਹੜਾ ਜਿੱਤਣ ਵਾਲਾ ਹੈ ਉਹਨੂੰ ਮੈਂ ਗੁਪੱਤ ਮੰਨ ਵਿੱਚੋਂ ਦਿਆਂਗਾ, ਅਤੇ ਮੈਂ ਉਹਨੂੰ ਇਕ ਚਿੱਟਾ ਪੱਥਰ ਦਿਆਂਗਾ ਅਤੇ ਉਸ ਪੱਥਰ ਉੱਤੇ ਇਕ ਨਵਾਂ ਨਾਉਂ ਲਿਖਿਆ ਹੋਇਆ ਹੈ।" "ਜਿਹੜਾ ਜਿੱਤਣ ਵਾਲਾ ਹੈ ਅਤੇ ਜਿਹੜਾ ਅੰਤ ਤੋੜੀ ਮੇਰਿਆਂ ਕੰਮਾਂ ਦੀ ਪਾਲਨਾ ਕਰਦਾ ਹੈ ਉਹਨੂੰ ਮੈਂ ਕੰਮਾਂ ਉੱਤੇ ਇਖਤਿਆਰ ਦਿਆਂਗਾ।" ਜਿਹੜਾ ਜਿੱਤਣ ਵਾਲਾ ਹੈ ਉਹਨੂੰ ਇਸੇ ਪ੍ਰਕਾਰ ਚਿੱਟੇ ਵਸਤਰ ਪਹਿਨਾਏ ਜਾਣਗੇ ਅਤੇ ਮੈਂ ਉਹਦਾ ਨਾਉਂ ਜੀਵਨ ਦੀ ਪੋਥੀ ਵਿੱਚੋਂ ਕਦੇ ਨਾ ਮੇਟਾਂਗਾ। ਸਗੋਂ ਮੈਂ ਆਪਣੇ ਪਿਤਾ ਦੇ ਅੱਗੇ ਅਤੇ ਉਸ ਦਿਆਂ ਦੂਤਾਂ ਦੇ ਅੱਗੇ ਉਹਦੇ ਨਾਉਂ ਦਾ ਇਕਰਾਰ ਕਰਾਂਗਾ।" ਜਿਹੜਾ ਜਿੱਤਣ ਵਾਲਾ ਹੈ ਉਹਨੂੰ ਮੈਂ ਆਪਣੇ ਪਰਮੇਸ਼ੁਰ ਦੀ ਹੈਕਲ ਵਿੱਚ ਇਕ ਥੰਮ੍ਹ ਬਣਾਵਾਂਗਾ ਅਤੇ ਉਹ ਫੇਰ ਕਦੇ ਬਾਹਰ ਨਾ ਜਾਵੇਗਾ।" "ਜਿਹੜਾ ਜਿੱਤਣ ਵਾਲਾ ਹੈ ਉਹਨੂੰ ਮੈਂ ਆਪਣੇ ਸ਼ਿੰਘਾਸਣ ਉੱਤੇ ਆਪਣੇ ਨਾਲ ਬਿਠਾਵਾਂਗਾ ਜਿਸ ਪ੍ਰਕਾਰ ਮੈਂ ਵੀ ਜਿੱਤਿਆ ਅਤੇ ਆਪਣੇ ਪਿਤਾ ਦੇ ਨਾਲ ਉਹਦੇ ਸਿੰਘਾਸਣ ਉੱਤੇ ਬੈਠਾ" ਯੂਸ਼ ੨ : ੭,੧੧,੧੭,੨੬, ੩ : ੧੨, ੨੧)।

ਉਹਦਾ ਪੈਸਿਆਂ ਦਾ ਖੁੱਲਾ ਥੈਲਾ ਇਹ ਦੱਸਦਾ ਹੈ ਭਈ ਨਾ ਉਹਦਾ ਦਿੱਲ ਪਰੰਤੂ ਉਹਦੇ ਪੈਸੇ ਭੀ ਪਰਮੇਸ਼ੁਰ ਵਾਸਤੇ ਅਰਪਣ ਹਨ। ਆਪਣੀ ਦੁਨਿਆਵੀ ਵਸਤਾਂ ਖਰਾਬ ਕਰਨ ਦੀ ਜਗ੍ਹਾ ਉਹ ਗਰੀਬਾਂ ਦੀ ਮਦਦ ਕਰ ਰਿਹਾ ਹੈ। ਦਸਵਾਂ ਹਿੱਸਾ ਚੰਦਾ ਆਪਣੀ ਆਮਦਨ ਦਾ, ਅਤੇ ਜੋ ਕੁਝ ਉਹਦੇ ਕੋਲ ਹੈ ਪਰਮੇਸ਼ੁਰ ਦੀ ਮਹਿਮਾ ਲਈ ਪ੍ਰਯੋਗ ਕਰਦਾ ਹੈ।

ਰੋਟੀ ਅਤੇ ਮੱਛਲੀ ਇਹ ਦਸਦੀ ਹੈ ਭਈ ਉਹ ਸਾਫ ਅਤੇ ਨਮੂਨੇਦਾਰ ਜੀਵਨ ਬਿਤਾਉਂਦਾ ਹੈ, ਉਹ ਆਪਣੇ ਆਪ ਨੂੰ, ਨਸ਼ੇ ਪੀਣ ਨਾਲ ਯਾ ਲਹੂ ਖਾਣ ਨਾਲ, ਯਾ ਗੱਲਾ ਘੁਟੇ ਹੋਏ ਜਾਨਵਰ ਨਾਲ ਯਾ ਹੋਰ ਕੋਈ ਅਪਵਿੱਤ੍ਰ ਵਸਤੂ, ਨਾਲ ਅਸ਼ੁਧ ਨਹੀਂ ਕਰਦਾ। ਉਹ ਆਪਣਾ ਪੈਸਾ ਫਜ਼ੂਲ ਖਰਾਬ ਨਹੀਂ ਕਰਦਾ ਨਾ ਹੀ ਉਹ ਆਪਣੀ ਦੇਹ ਜਿਹੜੀ ਕਿ (ਪਰਮੇਸ਼ੁਰ ਦੀ

Copyright ANGP

ਹੈਕਲ) ਹੈ ਅਸ਼ੁਧ ਕਰਦਾ ਹੈ, ਨਾ ਹੀ ਤੰਬਾਕੂ ਖਾਣ ਯਾ ਪੀਣ ਨਾਲ, ਨਾ ਉਹ ਹ ਨੀਕਾਰਕ ਦਵਾਈਆਂ ਪ੍ਰਯੋਗ ਕਰਦਾ ਹੈ। ਪਰੰਤੂ ਸਭ ਸ਼ੁੱਧ ਵਧਾਉਣ ਵਾਲਾ ਸ਼ੁੱਧ ਭੋਜਨ ਖਾਂਦਾ ਹੈ। ਉਹਦਾ ਆਪਣਾ ਦਿੱਲ ਪ੍ਰਾਰਥਨਾ ਦਾ ਘਰ ਬਣ ਗਿਆ ਹੈ। ਉਹ ਹਰ ਮੌਸਮ ਵਿੱਚ ਗਿਰਜੇ ਵੀ ਲਗਾਤਾਰ ਜਾਂਦਾ ਹੈ। ਉਹ ਪ੍ਰਾਰਥਨਾ ਨਾਲ ਪਿਆਰ ਕਰਦਾ ਹੈ ਭਾਵੇਂ ਉਹ ਪ੍ਰਾਰਥਨਾ ਘਰ ਵਿੱਚ ਹੋਵੇ, ਯਾ ਆਪਣੇ ਖਾਨਦਾਨ ਵਿੱਚ, ਯਾ ਉਹਦੇ ਆਪਣੇ ਕਮਰੇ ਵਿੱਚ, ਕਿਉਂ ਜੋ ਉਹ ਜਾਣਦਾ ਹੈ ਭਈ ਇਕ ਮਸੀਹੀ ਦੁਆ ਵਿੱਚ ਪਰਮੇਸ਼ੁਰ ਨਾਲ ਸੰਗਤ ਦੇ ਬਿਨਾਂ ਜ਼ਿੰਦਾ ਨਹੀਂ ਰਹਿ ਸਕਦਾ।

ਖੁੱਲੀ ਹੋਈ ਕਿਤਾਬ ਇਹ ਦੱਸਦੀ ਹੈ ਭਈ ਬਾਈਬਲ ਉਹਦੇ ਲਈ ਇਕ ਖੁੱਲੀ ਕਿਤਾਬ ਹੈ, ਅਤੇ ਉਹ ਇਹਨੂੰ ਰੋਜ਼, ਉਹਦੇ ਵਿੱਚ ਬੁੱਧੀ ਅਤੇ ਤਾਕਤ, ਜੀਵਨ ਅਤੇ ਚਾਨਣ ਅਤੇ ਅਕੱਥ ਦੌਲਤ ਪਾਉਣ ਲਈ ਪੜ੍ਹਦਾ ਅਤੇ ਗੌਰ ਕਰਦਾ ਹੈ ਇਹ ਉਹਦੇ ਪੈਰਾਂ ਵਾਸਤੇ ਚਰਾਗ ਅਤੇ ਦੁਸ਼ਮਨ ਨੂੰ ਜਿੱਤਣ ਲਈ ਤਲਵਾਰ ਬਣ ਗਈ ਹੈ। ਇਹ ਉਹਦੇ ਪ੍ਰਾਣ ਲਈ ਰੋਜ਼ ਦਾ ਆਤਮਕ ਭੋਜਨ, ਪਿਆਸ ਬਜਾਉਂਣ ਲਈ ਪਾਣੀ, ਆਪਣੇ ਆਪ ਨੂੰ ਸਾਫ ਕਰਨ ਲਈ ਸ਼ਨਾਨ ਅਤੇ ਆਪਣੇ ਆਪ ਨੂੰ ਵੇਖਣ ਦਾ ਸ਼ੀਸ਼ਾ ਹੈ।

Copyright ANGP

ਉਹ ਕਰੂਸ ਉਠਾਉਣਾ ਚਾਹੁੰਦਾ ਹੈ, ਕਿਉਂ ਜੋ ਉਹ ਜਾਣਦਾ ਹੈ ਭਈ ਕਰੂਸ ਦੇ ਬਿਨਾਂ ਕੋਈ ਮੁੱਕਟ ਨਹੀਂ ਹੈ। ਜਦ ਉਹ ਜਾਣਦਾ ਹੈ ਭਈ ਉਹ ਮਸੀਹੀ ਨਾਲ ਨਵੇਂ ਜੀਵਨ ਲਈ ਜੀ ਉੱਠਿਆ ਹੈ ਤਾਂ ਉਹ ਉੱਪਰ ਦੀਆਂ ਅਣਡਿੱਠ ਚੀਜ਼ਾਂ ਖੋਜਦਾ ਹੈ। ਉਹ ਪਰਮੇਸ਼ੁਰ ਨੂੰ ਮਿਲਣ ਲਈ ਤਿਆਰ ਹੈ। ਅਤੇ ਉਸ ਰੁੱਖ ਵਾਂਙੂ ਹੈ ਜਿਹੜਾ ਪਾਣੀ ਕਿਨਾਰੇ ਲਗਾਇਆ ਗਿਆ ਹੈ। ਜਿਹੜਾ ਵੇਲੇ ਸਿਰ ਫਲ ਦਿੰਦਾ ਹੈ ਜਿਦਾਂ ਸੱਚੀ ਅੰਗੂਰ ਦੀ ਟਹਿਣੀ ਬਹੁਤ ਫਲ ਦਿੰਦੀ ਹੈ। ਉਹ ਮੌਤ ਦਾ ਡਰ ਨਹੀਂ ਜਾਣਦਾ ਕਿਉਂ ਜੋ ਪਰਮੇਸ਼ੁਰ ਦਾ ਪੂਰਣ ਪਿਆਰ, ਜਿਹੜਾ ਕਿ ਉਹਨੇ ਪਵਿੱਤ੍ਰ ਆਤਮਾ ਦੁਆਰਾ ਪ੍ਰਾਪਤ ਕੀਤਾ ਹੈ, ਉਹਦੇ ਦਿੱਲ ਵਿੱਚ ਭਰਿਆ ਹੋਇਆ ਹੈ।

# ਦਸਵੀਂ ਤਸਵੀਰ

ਮਸੀਹ ਨੇ ਕਹਿਆ, "ਕਿਆਮਤ ਅਤੇ ਜੀਉਂਣ ਮੈਂ ਹਾਂ, ਜਿਹੜਾ ਮੇਰੇ ਉੱਤੇ ਨਿਹੱਚਾ ਕਰਦਾ ਹੈ ਭਾਵੇਂ ਉਹ ਮਰ ਜਾਵੇ ਤਾਂ ਵੀ ਜੀਵੇਗਾ (ਯੂਹੰਨਾ ੧੧ : ੨੫) "ਜੋ ਮੇਰਾ ਬੱਚਨ ਸੁਣਦਾ ਅਤੇ ਉਹਦੀ ਪਰਤੀਤ ਕਰਦਾ ਜਿਨ੍ਹ ਮੈਨੂੰ ਘਲਿਆ ਸਦੀਪਕ ਜੀਉਣ ਉਹਦਾ ਹੈ; ਅਰ ਉਸ ਉੱਤੇ ਸਜ਼ਾ ਦਾ ਹੁਕੱਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜੀਉਂਣ ਵਿੱਚ ਜਾ ਪਹੁੰਚਿਆ ਹੈ" (ਯੂਹੰਨਾ ੫ : ੨੪) "ਮੌਤ ਫਤਹ ਦੀ ਬੁਰਕੀ ਹੋ ਗਈ। ਹੇ ਮੌਤ ਤੇਰੀ ਫਤਹ ਕਿੱਥੇ ਹੈ ? ਹੇ ਮੌਤ ਤੇਰਾ ਡੇਰਾ ਕਿੱਥੇ ਹੈ ?.........ਪਰ ਧੰਨਵਾਦ ਹੈ, ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ !" (੧ ਕੁਰਿ੦ ੧੫ : ੫੪–੫੭)

ਪਰਮੇਸ਼ੁਰ ਨਾਲ ਚੱਲਣ ਵਾਲਾ ਮਨੁੱਖ ਮੌਤ ਤੋਂ ਨਹੀਂ ਡਰਦਾ ਹੈ। ਜਦੋਂ ਉਹਦੇ ਜਾਣ ਦਾ ਵੇਲਾ ਆਉਂਦਾ ਹੈ ਉਹ ਖੁਸ਼ੀ ਖੁਸ਼ੀ ਜਾਵੇਗਾ ਜਿਦਾਂ ਪੌਲੁਸ ਰਸੂਲ ਕਹਿੰਦਾ ਹੈ, "ਮੈਂ ਚਾਹੁੰਦਾ ਹਾਂ ਭਈ ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ ਇਸ ਲਈ ਜੋ ਇਹ ਬਹੁਤ ਹੀ ਉੱਤਮ ਹੈ" (ਫ਼ਿਲਿੱ੦ ੧ :੨੩)।

ਇਕ ਮਸੀਹੀ ਯਿਸੂ ਦਾ ਚੇਹਰਾ, ਜਿਹੜਾ ਕਿ ਉਹਦੇ ਲਈ ਕਰੂਸ ਉੱਤੇ ਮਰਿਆ ਅਤੇ ਉਹਨੂੰ ਛੁਟਕਾਰਾ ਦਿੱਤਾ, ਦੇਖਣਾ ਚਾਹੁੰਦਾ ਹੈ। ਪਵਿੱਤ੍ਰ ਆਤਮਾ ਵੀ ਉਹਨੂੰ ਯਿਸੂ ਦੇ ਸ਼ਬਦ ਯਾਦ ਦਿਲਾਉਂਦਾ ਹੈ, "ਤੁਹਾਡਾ ਦਿੱਲ ਨਾ ਘਬਰਾਵੇ, ਪਰਮੇਸ਼ੁਰ ਉੱਤੇ ਨਿਹੱਚਾ ਕਰੋ ਅਰ ਮੇਰੇ ਉੱਤੇ ਵੀ ਨਿਹੱਚਾ ਕਰੋ। ਮੇਰੇ ਪਿਤਾ ਦੇ ਘਰ ਵਿਚੋਂ ਬਹੁਤ ਸਾਰੇ ਨਿਵਾਸ ਹੰਨ.........ਮੈਂ ਫੇਰ ਆਣ ਕੇ ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀਂ ਭੀ ਹੋਵੋ" (ਯੂਹੰਨਾ ੧੪ : ੧–੪)। "ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ ਨਾ ਕੰਨੀਂ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ" (੧ ਕੁਰਿ੦ ੨ : ੯) ਕੋਈ ਏਸੀ ਭਾਸ਼ਾ ਨਹੀਂ ਹੈ ਜਿਹੜੀ ਕਿ ਸੁਰੱਗੀ ਸਥਾਨਾਂ ਦੀ ਮਹਿਮਾ ਨੂੰ ਬਿਆਨ ਕਰ ਸਕੇ ਜਿਹੜੀ ਕਿ ਉਹਨਾਂ ਲਈ ਤਿਆਰ ਕੀਤੀ ਗਈ ਹੈ ਜਿਹੜੇ ਇਸ ਧਰਤੀ ਉੱਤੋਂ ਮਸੀਹ ਦੀ ਚਾਲ ਚਲਦੇ ਹਨ।

Copyright ANCP




੧੦. ਮਸੀਹ ਵਿੱਚ ਜੀਉਂਦਾ ਦਿੱਲ

ਡਰਾਉਂਣੇ ਢਾਂਚੇ (ਮੌਤ) ਦੀ ਜਗ੍ਹਾ ਇਸ ਆਖਰੀ ਤਸਵੀਰ ਵਿੱਚ ਪਰਮੇਸ਼ੁਰ ਦਾ ਦੂਤ ਦਿਖਾਈ ਦਿੰਦਾ ਹੈ। ਇਹ ਧੱਰਮੀ ਨੂੰ ਪਰਮੇਸ਼ੁਰ ਕੋਲ ਵਾਪਿਸ ਲੈ ਜਾਣ ਲਈ ਉਡੀਕ ਵਿੱਚ ਹੈ। ਪ੍ਰਾਣ ਅਤੇ ਆਤਮਾ ਨਾਸ਼ਮਾਨ ਦੇਹ ਦੀਆਂ ਜਕੜਾਂ ਤੋਂ ਆਜ਼ਾਦ ਕੀਤੇ ਗਏ ਹਨ, ਅਤੇ ਆਪਣੇ ਪਿਆਰ ਕਰਨ ਵਾਲੇ ਦੀ ਗੋਦ ਵੱਲ ਸੁਰੱਗ ਦੇ ਖੁੱਲੇ ਰਾਹਾਂ ਦੁਆਰਾ ਉੱਡ ਰਹੇ ਹਨ। ਜਿੰਨਾਂ ਲਈ ਉਹ ਧਰਤੀ ਉੱਤੇ ਜੀਆ ਅਤੇ ਮਰਿਆ। ਪਰਮੇਸ਼ੁਰ ਦੀ ਹਜ਼ੂਰੀ ਵਿੱਚ ਪ੍ਰਭੂ ਦੁਆਰਾ ਇਸ ਤਾਰੀਫ ਦੇ ਸ਼ਬਦਾਂ ਦੁਆਰਾ ਸਵਾਗਤ ਕੀਤਾ ਜਾਂਦਾ ਹੈ "ਹੇ ਚੰਗੇ ਅਤੇ ਮਾਤਬਰ ਚਾਕਰ ਸ਼ਾਬਾਸੇ! ਤੂੰ ਆਪਣੇ ਮਾਲਕ ਦੀ ਖੁਸ਼ੀ ਵਿੱਚ ਦਾਖਿਲ ਹੋ" (ਮੱਤੀ ੨੫ : ੨੧)। ਹੁਣ ਉਹਦੇ ਉੱਤੇ ਸ਼ਤਾਨ ਦਾ ਕੋਈ ਅਧਿਕਾਰ ਨਹੀਂ ਹੈ, ਕਿਉਂ ਜੋ, "ਉਹਦੇ ਸੰਤਾਂ ਦੀ ਮੌਤ ਬਹੁਮੁੱਲੀ ਹੈ" (ਜਬੂਰ ੧੧੬ : ੧੫)। "ਫੇਰ ਮੈਂ ਇੱਕ ਆਵਾਜ਼ ਅਕਾਸ਼ੋਂ ਇਹ ਆਖਦੇ ਸੁਣੀ ਭਈ ਲਿੱਖ ਲੈ, ਧੰਨ ਉਹ ਮੁਰਦੇ ਜਿਹੜੇ ਏਥੋਂ ਅੱਗੇ ਪ੍ਰਭੂ ਵਿੱਚ ਹੋਕੇ ਮਰਦੇ ਨੇ। ਆਤਮਾ ਆਖਦਾ ਹੈ, ਹਾਂ, ਇਸ ਲਈ ਜੋ ਉਨ੍ਹਾਂ ਦੀਆਂ ਮਿਹਨਤਾਂ ਤੋਂ ਉਹਨਾਂ ਨੂੰ ਆਰਾਮ ਮਿਲੇਗਾ ਕਿਉਂ ਜੋ ਉਹਨਾਂ ਦੇ ਕੰਮ ਉਹਨਾਂ ਦੇ ਨਾਲ ਨਾਲ ਜਾਂਦੇ ਹਨ" (ਯੂਹੰਨਾ੦ ੧੪ ੧੩)।

## ਅੰਤਿਮ ਚਿਤੌਣੀ

ਪਿਆਰੇ ਪਾਠਕ, ਖੁਦਾ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ ਉਹਨੂੰ ਤੁਹਾਡਾ ਦਿੱਲ ਦੇਣ ਲਈ ਤੁਹਾਡੀ ਮਦਦ ਕਰੇ ਕਿਉਂ ਜੋ ਉਹ ਹੁਣ ਤੁਹਾਡੇ ਵਾਸਤੇ ਲੜ੍ਹਦਾ ਹੈ ਅਤੇ ਕਹਿੰਦਾ ਹੈ। "ਮੇਰੇ ਪੁੱਤ੍ਰ (ਮੇਰੀ ਪੁੱਤੀ) ਮੈਨੂੰ ਆਪਣਾ ਦਿੱਲ ਦੇ।" (ਕਗਾਉਂਤਾ ੨੩ : ੨੬) ਯਿਸੂ ਨੂੰ ਆਪਣਾ ਥੱਕਿਆ, ਨਿਰਾਸ਼ ਅਤੇ ਦਰਦੀ ਦਿੱਲ ਦਿਓ ਅਤੇ ਉਹ ਤੁਹਾਨੂੰ ਇਕ ਨਵਾਂ ਦਿੱਲ ਅਤੇ ਨਵੀਂ ਆਤਮਾ ਦੇਵੇਗਾ। ਆਪਣੇ ਧੋਖੇਬਾਜ਼ ਦਿੱਲ ਨਾਲ, ਇਹਦੀਆਂ ਕਾਮਨਾਵਾਂ ਪੂੰਰਿਆਂ ਕਰਦਿਆਂ ਹੋਇਆਂ ਧੋਖਾ ਨਾ ਖਾਓ। ਕਿਉਂ ਜੋ "ਜਿਹੜਾ ਆਪਣੇ ਆਪ ਉੱਤੇ ਭਰੋਸਾ ਰੱਖਦਾ ਹੈ ਉਹ ਮੂਰਖ ਹੈ, ਪਰ ਜੋ ਮੱਤ ਨਾਲ ਤੁਰਦਾ ਹੈ ਉਹ ਛੁਡਾਇਆ ਜਾਵੇਗਾ" (ਕਹਾ੦ ੨੮ : ੨੬) ਪਾਪਾਂ ਨੂੰ ਛਡ ਦਿਓ ਅਤੇ ਧਾਰਮਿੱਕਤਾ ਪਹਿਨ ਲੋ, "ਕਿਉਂ ਜੋ ਪਾਪ ਦੀ ਮਜ਼ਦੂਰੀ ਮੌਤ ਹੈ, ਪਰੰਤੂ ਪਰਮੇਸੁਰ ਦੀ ਬਖਸ਼ੀਸ ਮਸੀਹੀ ਯਿਸੂ ਸਾਡੇ ਪ੍ਰਭੂ ਵਿੱਚ ਅੰਤ ਜੀਵਨ ਹੈ" (ਰੋਮ੦ ੬ : ੨੩)।

Copyright ANGP

ਅਤ ਤੁਸੀਂ ਜਿਨਾਂ ਪਰਮੇਸ਼ੁਰ ਨੂੰ ਆਪਣਾ ਜੀਵਨ ਸੌਂਪਿਆ ਹੈ, ਮਸੀਹੀ ਯਿਸੂ ਦੇ ਨਿਹੱਚਾ ਅਤੇ ਪ੍ਰੇਮ ਵਿੱਚ ਮਜ਼ਬੂਤ ਹੋਵੋ ਕਿਉਂ ਜੋ ਉਹੀ ਕਾਰਣ ਪੌਲੁਸ ੨ ਤਿਮੋ੦ ੧ : ੧੨ ਵਿੱਚ ਕਹਿੰਦਾ ਹੈ, "ਕਿਉਂ ਜੋ ਮੈਂ ਉਹਨੂੰ ਜਾਣਦਾ ਹਾਂ ਜਿਹਦੀ ਮੈਂ ਪਰਤੀਤ ਕੀਤੀ ਹੈ ਅਤੇ ਮੈ ਨੂੰ ਵਿਸ਼ਵਾਸ ਹੈ ਭਈ ਮੇਰੀ ਉਹ ਅਮਾਨਤ ਦੀ ਉਸ ਦਿਨ ਤੀਕ ਰਖਵਾਲੀ ਕਰ ਸਕਦਾ ਹੈ।" ਮਹਾਨ ਪਵਿੱਤ੍ਰ ਨਿਹੱਚਾ ਵਿੱਚ ਆਪਣੇ ਆਪ ਨੂੰ ਬਣਾਓ, ਪਵਿੱਤ੍ਰ ਆਤਮਾ ਵਿੱਚ ਪ੍ਰਾਰਥਨਾ ਕਰੋ, ਪਰਮੇਸ਼ੁਰ ਦੇ ਪ੍ਰੇਮ ਵਿੱਚ ਰਹੋ, ਮਸੀਹ ਨੂੰ ਦੇਖਦੇ ਹੋਏ ਜਿਹੜਾ ਸਾਡਾ ਸੱਤ ਦਾ ਰਾਹ ਅਤੇ ਜੀਵਨ ਹੈ। ਸਾਡਾ ਪ੍ਰਭੂ, ਜਿਹੜਾ ਤੁਰੰਤ ਆਪਣਿਆਂ ਨੂੰ ਲੈਣ ਆਵੇਗਾ ਜਿਹੜਾ ਕਿ "ਰਾਜਿਆਂ ਦਾ ਰਾਜਾ, ਅਤੇ ਪ੍ਰਭੂਆਂ ਦਾ ਪ੍ਰਭੂ ਹੈ।"

"ਹੁਣ ਜਿਹੜਾ ਸਮੱਰਥ ਹੈ ਜੋ ਤੁਹਾਨੂੰ ਠੇਡੇ ਖਾਣ ਤੋਂ ਬਚਾ ਸਕਦਾ ਹੈ ਅਤੇ ਤੁਹਾਨੂੰ ਆਪਣੀ ਮਹਿਮਾ ਦੇ ਸਨਮੁਖ ਅਨੰਦ ਸਹਿਤ ਨਿੱਰਮਲ ਖੜ੍ਹਾ ਕਰ ਸਕਦਾ ਹੈ। ਉਸੇ ਦੀ ਅਰਥਾਤ ਉਸ ਅਦੁਤੀ ਪਰਮੇਸ਼ੁਰ ਦੀ ਜੋ ਸਾਡਾ ਮੁਕੱਤੀ ਦਾਤਾ ਹੈ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਸਭਨਾਂ ਜੁੱਗਾਂ ਤੋਂ ਪਹਿਲਾਂ ਅਤੇ ਹੁਣ ਵੀ ਅਤੇ ਸਭਨਾਂ ਜੁੱਗਾਂ ਤੀਕੁਰ ਮਹਿਮਾ, ਪਰਾਕ੍ਰਮ, ਮਹਾਨਤਾ ਅਤੇ ਇਖ਼ਤਿਆਰ ਹੋਵੇ ॥ਆਮੀਨ॥ (ਯਹੂਦਾਹ ੨੪,੨੫)।

—: • :—

Copyright ANGP

ਕ੍ਰਿਸ਼ਨਾ ਪ੍ਰਿੰਟਿੰਗ ਵਰਕਸ, ਨਵੀਂ ਦਿੱਲੀ-੫

**A SPECIAL WORD FROM ANGP**

**UN MONDE SPÉCIAL DE L'ANGP**

**UMA PALAVRA ESPECIAL DA ANGP**

**This booklet "The Heart of Man" is available in over 538 languages and dialects spoken throughout the world (Africa, Asia, The Far East, South America, Europe, etc.) Our Heart Book is now also available on cell phones, tablets, etc from www.angp-hb.co.za or as an APP "Heart of Man" on Android phones.**

**Le livre du "Coeur de l'homme" peut etre obtenu en plus de 538 langues et dialectes parles dans le monde entier, a savoir: Afrique, Amerique, Asie, Extreme Orient, Europe. Notre Livre du Coeur est maintenant aussi disponible sur votre Telephone cellular, plaques, etc. de www.angp-hb.co.za ou comme une Application "Heart of Man" sur telephones Android.**

**Este livro "O Coracao do Homem" e obtído em mais de 538 linguas e dialectos falados em todo o mundo, a saber: (Africa, Asia, America do Sul, Extremo Oriente, Europa, etc). O nosso Livro O Coração do Homem tambem esta agora disponivel em telefone celular, tablets, etc. de www.angp-hb.co.za ou como um aplicativo "Heart of Man" nos telephones celulares Android.**

Copyright ANGP

**The 10 heart pictures contained in this booklet are also available in the form of large coloured picture charts (86 x 61cm) bound together in a set of 10 pictures. These "Heart Charts" can be obtained with European or African features and are particularly suitable to be used in conjunction with the Heart Book for class-teaching, open air evangelization etc. Kindly contact us to ascertain the latest subsidized price of this chart.**

**Les 10 images du coeur qui figurent dans ce livre peuvent etre obtenues en tableaux de couleur, format 86 x 61 cm, avec des physionomies europeennes ou africaines. Ils peuvent etre utilises en meme temps que le livre du coeur pour des classes bibliques, a**

l'ecole du dimanche ou lors de reunions de plein air. Soyez aimable de nous contacter pour assurer les derniers prix en cours du tableau.

As 10 imagens do coracao, contidas neste livro podem ser obtidas num conjunto de 10 imagens em colorido no tamanho de (86 x 61 cm). Estes "Cartazes do Coracao podem ser obtfdos com caracterfsticas Europeias e Africanas e podem ser usados em conjuncao com o mesmo livro em classes de ensino biblico, evangelizacao ou ao ar livre. Agradeciamos que nos contacta- se para confirmacao do ultimo preco dos cartazes.



Kindly write to us if you are able to assist us with further translations of our free Gospel literature, informing us of the language into which you could translate this Gospel literature. Your assistance would be appreciated.

Copyright ANGP

If you have found salvation in Christ, or have been otherwise blessed through our Gospel literature, please let us know. We would like to thank God with you, and remember you further in our prayers.

Nous vous invitons a nous contacter pour faire des arrangements concernant de nouvelles traductions de notre litterature, nous informant de la langue dans laquelle vous pouvez traduire cette litterature evangelique. Votre aide sera beaucoup appreciee.

Si vous avez trouve le salut en Christ ou si vous avez ete beni par notre litterature, nous vous prions de nous le faire savoir. Nous aimerions remercier Dieu avec vous et prier pour vous.

Nos vos convidamos a nos contactar, afim de fazer qualquer arranjo concernente a novas traducoes de nossa literatura em outras Ifnguas. Vossa assistencia sera muito apreciavel.

Se tem encontrado a salvacao em Cristo, ou se tem sido abencoado por intermedio da nossa literatura evangelica, faca o favor de nos

informar. Pois nos gostarfamos de agradecer a Deus juntamente convosco, e lembra-lo sempre em nossas oracoes.

For free Gospel literature, books and tracts in over 538 languages, write to:

Pour obtenir gratuitement de la litterature evangelique, des livres et des traites en plus de 538 langues, ecrivez a:

Para obter gratuftamente a literatura evangelica, livros e folhetos em mais de 538 Ifnguas diferentes escreva para:

E-MAIL: info@angp-hb.co.za
info@angp.co.za

**ALL NATIONS GOSPEL PUBLISHERS**
**P.O. Box 2191**
**PRETORIA**
**0001**
**R.S.A.**

Copyright ANGP

A Gospel Literature Mission financed by donations
Une Mission de litterature evangelique financee de dons
Missao de literatura Evanqelica financiada por donativos

(Reg. No. 1961/001798/08)